# ਅੰਦੋਲਨ, ਮੇਲਾ ਨਹੀਂ ਹੁੰਦਾ

(ਕਾਵਿ-ਸੰਗ੍ਰਹਿ)

ਸੰਪਾਦਕ :

## ਸੁਖਿੰਦਰ

2022

ਤਰਕਭਾਰਤੀ ਪ੍ਰਕਾਸ਼ਨ
ਬਰਨਾਲਾ, ਇੰਡੀਆ

**Copyright © 2022 Sukhinder**

# Andolan, Mela Nahin Hunda

**(100 Selected Punjabi Poems About Kisan Andolan)**

**(Poetry)**

**-Edited *by Sukhinder***

***Sukhinder***
Box 67089, 2300 Yonge St.
Toronto ON M4P 1E0 Canada
Tel. (416) 858-7077
poet_sukhinder@hotmail.com

***Cover Design :***
***Saleem Pasha***

**Price : $10 (In Canada & U.S.A.)**
**Rs. 150 (In India)**

***Typeset, Printed & Published by :***

***Published in India by :***
Tark Bharti Parkashan
St. 8, K.C. Road
Barnala-148101, Punjab, India
Phone : 01679-233244
tarksheel@gmail.com; www.thepunjabi.com

***In Canada :***
Knowledge Eye
Box 67089, 2300 Yonge St.
Toronto ON M4P 1E0 Canada
Tel. (416) 858-7077
poet_sukhinder@hotmail.com

# ਸਮਰਪਨ

ਵਿਸ਼ਵ ਭਰ ਦੇ ਮਜ਼ਦੂਰਾਂ, ਕਿਸਾਨਾਂ
ਮਹਾਨ ਇਨਕਲਾਬੀਆਂ
ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ
ਅਤੇ
ਪੰਜਾਬੀ ਦੇ ਅਲਬੇਲੇ ਕਵੀ
ਪ੍ਰੋ. ਪੂਰਨ ਸਿੰਘ ਦੇ ਨਾਮ

# ਸੁਖਿੰਦਰ ਰਚਿਤ ਪੁਸਤਕਾਂ :

☐ ਵਿਗਿਆਨ :

- ■ ਪੁਲਾੜ, ਸਮਾਂ ਤੇ ਪਦਾਰਥ (1972)
- ■ ਕਾਸਮਿਕ ਕਿਰਨਾਂ ਤੇ ਵਿਸ਼ਵ (1973)
- ■ ਵਿਸ਼ਵ ਚਰਚਾ (1975)

☐ ਕਵਿਤਾ :

- ■ ਸ਼ਹਿਰ, ਧੁੰਦ ਤੇ ਰੌਸ਼ਨੀਆਂ (1974)
- ■ ਲੱਕੜ ਦੀਆਂ ਮੱਛੀਆਂ (1979)
- ■ ਤਿੰਨ ਕੋਣ (ਤਿੰਨ ਕਵੀ) (1979)
- ■ ਤੂਫ਼ਾਨ ਦੀਆਂ ਜੜ੍ਹਾਂ ਵਿੱਚ(1985)
- ■ ਬੁੱਢੇ ਘੋੜਿਆਂ ਦੀ ਆਤਮ-ਕਥਾ (1991)
- ■ ਸ਼ਕਿਜ਼ੋਫ਼ਰੇਨੀਆਂ (1993)
- ■ ਇਹ ਖ਼ਤ ਕਿਸਨੂੰ ਲਿਖਾਂ (1998)
- ■ ਕੁੱਤਿਆਂ ਬਾਰੇ ਕਵਿਤਾਵਾਂ (2006)
- ■ ਪ੍ਰਦੂਸ਼ਿਤ ਹਵਾ ਨਾਲ ਸੰਵਾਦ (2006)
- ■ ਗਲੋਬਲੀਕਰਨ (2008)
- ■ ਸਮੋਸਾ ਪਾਲਿਟਿਕਸ (2012)
- ■ ਕਵਿਤਾ ਦੀ ਤਲਾਸ਼ ਵਿੱਚ (2013)
- ■ ਕਵਿਤਾ ਦੀ ਵਾਪਸੀ (2013) (ਸ਼ਾਹਮੁਖੀ)
- ■ ਆਮ ਆਦਮੀ ਦਾ ਇਨਕਲਾਬ (2015)
- ■ ਡਾਇਰੀ ਦੇ ਪੰਨੇ (2016)
- ■ ਲਹੂ ਦਾ ਰੰਗ (ਦੋ ਕਵੀ) (2017)
- ■ ਸਾਜ਼ਿਸ਼ੀ ਮੌਸਮ (2018)
- ■ ਕਵਿਤਾ ਕੇ ਸਾਥ ਸਾਥ (ਹਿੰਦੀ) (2018)
- ■ ਬਾਂਦਰ ਨਾਲ ਬਹਿਸ ਕੌਣ ਕਰੇ (2019)
- ■ ਲੌਕਡਾਊਨ (2020)

☐ ਆਲੋਚਨਾ :

- ■ ਕੈਨੇਡੀਅਨ ਪੰਜਾਬੀ ਸਾਹਿਤ (2010)
- ■ ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਦੂਜਾ) (2011)
- ■ ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਤੀਜਾ) (2013)
- ■ ਕ੍ਰਾਂਤੀ ਦੀ ਕਵਿਤਾ (2017)

☐ ਵਾਰਤਕ :

- ■ ਸਿੱਧੀਆਂ ਸਪੱਸ਼ਟ ਗੱਲਾਂ (2010)
- ■ ਮੇਰਾ ਪਾਕਿਸਤਾਨੀ ਸਫ਼ਰਨਾਮਾ (2015)
- ■ ਮੇਰਾ ਪਾਕਿਸਤਾਨੀ ਸਫ਼ਰਨਾਮਾ (2016) (ਸ਼ਾਹਮੁਖੀ)
- ■ ਗੱਲਾਂ ਪਾਕਿਸਤਾਨ ਦੀਆਂ (2019) (ਸ਼ਾਹਮੁਖੀ)
- ■ ਗੱਲਾਂ ਪਾਕਿਸਤਾਨ ਦੀਆਂ (2019) (ਗੁਰਮੁਖੀ)

☐ ਸੰਪਾਦਨਾ :

- ■ ਮਕਤਲ (ਪ੍ਰਗਤੀਵਾਦੀ ਕਵਿਤਾ- ਸਹਿ ਸੰਪਾਦਨਾ) (1982)
- ■ ਬਘਿਆੜਾਂ ਦੇ ਵੱਸ (ਕੈਨੇਡੀਅਨ ਪੰਜਾਬੀ ਕਵਿਤਾ) (1986)
- ■ ਮੇਰੀਆਂ ਝਾਂਜਰਾਂ ਦੀ ਛਨਛਨ (ਦਵਿੰਦਰ ਬਾਂਸਲ ਦੀ ਕੋਲਾਜ ਕਿਤਾਬ) (1999)

☐ ਨਾਵਲ :

- ■ ਅਲਾਰਮ ਕਲਾਕ (2003)
- ■ ਕਰੋਨਾ ਕਾਫਲੇ (2021)

☐ ਬੱਚਿਆਂ ਲਈ :

- ■ ਅਨੀਤਾ ਆਂਟੀ ਅਤੇ ਬੱਚੇ (2004)

☐**English :** ■ Children Are Not Hamburger Meat (Poetry) (2005)

# ਕਿੱਥੇ ਕੀ?

ਭੂਮਿਕਾ - ਅੰਦੋਲਨ, ਮੇਲਾ ਨਹੀਂ ਹੁੰਦਾ / ਸੁਖਿੰਦਰ

* ਅੰਦੋਲਨ, ਕਦੀ ਵੀ ਮੇਲਾ ਨਹੀਂ ਹੁੰਦਾ / ਸੁਖਿੰਦਰ, ਕੈਨੇਡਾ 11
* ਤਾਂ, ਤੂੰ ਬਈ ਜਾਹ 13
* ਕ੍ਰਾਂਤੀ ਦੀ ਭਾਸ਼ਾ 15
* ਕਿਸਾਨ ਯੁੱਧ 16
* ਕਿਸਾਨ 18
* ਗ਼ਜ਼ਲ / ਕਮਲਜੀਤ ਕੰਵਰ, ਇੰਡੀਆ 20
* ਗ਼ਜ਼ਲ 21
* ਗ਼ਜ਼ਲ 22
* ਦੇਸ਼ ਦੇ ਕਿਸਾਨ / ਲਖਵਿੰਦਰ ਜੌਹਲ, ਇੰਡੀਆ 23
* ਗ਼ਜ਼ਲ 24
* ਰਾਜਿਆ ! ਰਾਜ ਕਰੇਂਦਿਆ ! / ਡਾ. ਗੁਰਮਿੰਦਰ ਸਿੱਧੂ, ਕੈਨੇਡਾ 25
* ਲਹੂ ਨੂੰ ਬਾਲ ਲੈਣਾ... 26
* ਸਿਦਕਾਂ ਦੇ ਖੇਤ 'ਚੋਂ 27
* ਬਗ਼ਾਵਤ ਦੇ ਆਸਾਰ / ਭੂਪਿੰਦਰ ਸੱਗੂ, ਯੂ.ਕੇ. 29
* ਲਹਿ ਗਈ 30
* ਕਿਸਾਨੀ ਅੰਦੋਲਨ / ਨਿਰਮਲਾ ਗਰਗ, ਇੰਡੀਆ 31
* ਕਿਸਾਨਾਂ ਦੀ ਜਿੱਤ 32
* ਜੰਗ / ਬਲਬੀਰ ਕੌਰ ਰਾਏਕੋਟੀ, ਇੰਡੀਆ 33
* ਯੁੱਗ ਪਲਟਾਊ ਯੋਧੇ 34
* ਹੁਣ ਮੈਂ ਇਕੱਲਾ ਨਹੀਂ / ਵਿਸ਼ਾਲ, ਇੰਡੀਆ 35
* ਜ਼ਖਮਾਂ ਦੀ ਦਾਸਤਾਨ 37
* ਟਰੈਕਟਰਾਂ ਦੇ ਘੋੜੇ / ਅਮਰਜੀਤ ਸਿੰਘ ਅਮਨੀਤ, ਇੰਡੀਆ 39
* ਅਸੀਂ ਫੁੱਲ ਬਣ ਉੱਗਣਾ 40
* ਨੈਤਿਕ ਦ੍ਰਿੜਤਾ/ ਦਵਿੰਦਰ ਬਾਂਸਲ, ਕੈਨੇਡਾ 43
* ਆਪਣੇ ਹੱਕਾਂ ਲਈ ਜੱਦੋਜਹਿਦ 44
* ਯੁੱਧ ਨਾਦ / ਦਲਜਿੰਦਰ ਰਹਿਲ, ਇਟਲੀ 46
* ਕਦੇ ਨਾ ਸਕਦੇ ਹਾਰ 48
* ਫ਼ੌਜ ਰੰਗਲੀ / ਡਾ. ਰਤਨ ਸਿੰਘ ਢਿੱਲੋਂ, ਇੰਡੀਆ 50
* ਚਲਾਕ ਲੂੰਬੜਾ 53
* ਘਰ ਘਰ ਸੂਰਜ ਚੜ੍ਹੇਗਾ / ਰਵਿੰਦਰ ਰਵੀ, ਕੈਨੇਡਾ 55
* ਦਿੱਲੀ ਦਾ ਦੇਸੀ ਨੀਰੋ 57
* ਮੇਰਾ ਛੰਨ / ਅਰਵਿੰਦਰ ਕੌਰ ਕਾਕੜਾ, ਇੰਡੀਆ 58

* ਜੁਝਾਰੂ ਬੇਬੇ 60
* ਪੈਰਾਂ ਦੇ ਨਿਸ਼ਾਨ / ਕੇਹਰ ਸ਼ਰੀਫ਼, ਜਰਮਨੀ 62
* ਮਿੱਟੀ ਦਾ ਮੋਹ 63
* ਅੰਬਰ ਦੇ ਅੱਥਰੂ 66
* ਨਸ਼ਾ ਸੱਤਾ ਦਾ / ਬਲਵੀਰ ਢਿੱਲੋਂ, ਕੈਨੇਡਾ 68
* ਤਾਨਾਸ਼ਾਹੀ 70
* ਅੰਦੋਲਨ ਮੇਲਾ ਨਹੀਂ ਹੁੰਦੇ / ਦੇਵਿੰਦਰ ਕੌਰ, ਯੂ.ਕੇ. 71
* ਪੁੱਤ ਖੇਤਾਂ ਦੇ / ਸਲੀਮ ਪਾਸ਼ਾ, ਕੈਨੇਡਾ 73
* ਜਵਾਨ ਤੇ ਕਿਰਸਾਨ / ਬੂਟਾ ਸਿੰਘ ਮਾਨ, ਇੰਡੀਆ 74
* ਏਕੇ ਨਾਲ 75
* ਦਿੱਲੀ ਦੇ ਵਿੱਚ ਚੜ੍ਹ ਗਿਆ ਸੂਰਜ / ਪਿਆਰਾ ਸਿੰਘ ਕੁੱਦੋਵਾਲ, ਕੈਨੇਡਾ 76
* ਤੂੰ ਕਿੱਲ ਗੱਡੇਂ ਅਸੀਂ ਫੁੱਲ ਬੀਜੀਏ 78
* ਮੈਂ ਵੀ ਉਨ੍ਹਾਂ ਦੇ ਨਾਲ ਹੀ ਸਾਂ / ਡਾ. ਅਮਰਜੀਤ ਟਾਂਡਾ, ਅਸਟਰੇਲੀਆ 80
* ਜ਼ਰਾ ਥੱਕ ਗਿਆ ਹਾਂ 81
* ਹੱਕ ਸੱਚ ਦਾ ਬਿਗੁਲ / ਅਮਰੀਕ ਪਲਾਹੀ, ਕੈਨੇਡਾ 82
* ਗ਼ਜ਼ਲ / ਜਗਤਾਰ ਸਾਲਮ, ਇੰਡੀਆ 84
* ਗ਼ਜ਼ਲ 85
* ਮਸ਼ਾਲਾਂ ਵਾਂਗ ਜਗਦੀਓ ਕੁੜੀਓ / ਸੁਰਜੀਤ ਕੌਰ, ਕੈਨੇਡਾ 86
* ਨਵਾਂ ਇਤਿਹਾਸ 88
* ਨਵਾਂ ਨਹੀਂ ਹੈ ਰਿਸ਼ਤਾ / ਡਾ. ਸ਼ਿਆਮ ਸੁੰਦਰ ਦੀਪਤੀ, ਇੰਡੀਆ 90
* ਕਣਕ ਤੇ ਕਿਸਾਨ 92
* ਚੜ੍ਹ ਪਿਆ ਕਟਕ ਪੰਜਾਬ ਤੋਂ / ਡਾ. ਮੇਹਰ ਮਾਣਕ, ਇੰਡੀਆ 93
* ਦਿੱਲੀ ਸੀ ਹਾਰ ਗਈ 94
* ਗ਼ਜ਼ਲ / ਸਿਮਰਤ ਸੁਮੈਰਾ, ਇੰਡੀਆ 95
* ਗ਼ਜ਼ਲ 96
* ਕਿਤੇ ਕਣਕਾਂ ਨੇ ਸੋਨ ਰੰਗੀਆਂ / ਡਾ. ਸੁਖਵਿੰਦਰ ਮੱਲੀ, ਕੈਨੇਡਾ 97
* ਹਵਾ ਨੂੰ ਗੱਲ ਨਾ... / ਸੁਰਿੰਦਰ ਗੀਤ, ਕੈਨੇਡਾ 99
* ਜੁੜਾਂਗੇ, ਲੜਾਂਗੇ ਤੇ ਜਿੱਤਾਂਗੇ 100
* ਹਰੀ ਕ੍ਰਾਂਤੀ ਬਨਾਮ ਹਰੇ ਝੰਡੇ ਵਾਲੀ ਕ੍ਰਾਂਤੀ / ਨਿਰੰਜਣ ਬੋਹਾ, ਇੰਡੀਆ 103
* ਇਹ ਸਾਵਣ ਵੀ ਇੰਜ ਨਾ ਆਇਆ / ਅਰਤਿੰਦਰ ਸੰਧੂ, ਇੰਡੀਆ 105
* ਪੱਗੜੀ ਸੰਭਾਲਣ ਵਾਸਤੇ 107
* ਸਵਾਲ / ਡਾ. ਮੋਹਨ ਤਿਆਗੀ, ਇੰਡੀਆ 109
* ਯੁੱਧ 111
* ਆ ਬੈਠੇ ਆਂ / ਡਾ. ਲੋਕ ਰਾਜ, ਯੂ.ਕੇ. 113
* ਬਹੁਤ ਅਰਸੇ ਬਾਅਦ 114
* ਸਿੰਘੂ ਬਾਰਡਰ ਤੋਂ / ਅਵਤਾਰਜੀਤ ਅਟਵਾਲ, ਇੰਡੀਆ 115
* ਖੇਤਾਂ ਤੋਂ ਪੁੱਛ ਲਵੋ 117

* ਤਮਾਸ਼ਾ ਮੀਡੀਆ / ਗਗਨ ਮੀਤ, ਇੰਡੀਆ 119
* ਹਾਥੀ 120
* ਕਿਸ ਨੂੰ ਦੋਸ਼ ਦੇਈਏ / ਸੋਨੀਆ ਪਾਲ, ਯੂ.ਕੇ. 121
* ਪੰਜਾਬਣ ਦਾ ਦਿੱਲੀ ਨਾਲ ਸੰਵਾਦ 122
* ਕਿਸਾਨੀ ਸੰਘਰਸ਼ / ਅਮਰਜੀਤ ਕੌਰ 'ਪੰਛੀ', ਕੈਨੇਡਾ 124
* ਅੰਧਾ ਆਗੂ ਜੇ ਥੀਐ.... / ਮੋਹਣ ਮਤਿਆਲਵੀ, ਇੰਡੀਆ 125
* ਸੱਚੀਆਂ ਫ਼ੌਜਾਂ / ਧਰਮ ਕੰਮੇਆਣਾ, ਇੰਡੀਆ 127
* ਆਵਾਜ਼-ਏ-ਪੰਜਾਬ 128
* ਕਿਸਾਨ / ਅੰਮ੍ਰਿਤ ਮੰਨਣ, ਇੰਡੀਆ 129
* ਮੇਲਾ ਨਹੀਂ, ਅੰਦੋਲਨ ਹਾਂ / ਡਾ. ਸੁਖਪਾਲ ਸੰਘੇੜਾ, ਯੂ.ਐਸ.ਏ. 130
* ਗ਼ਜ਼ਲ / ਸੁਲੱਖਣ ਸਿੰਘ, ਕੈਨੇਡਾ 133
* ਗ਼ਜ਼ਲ 135
* ਜੈ ਜੈ ਕਾਰ / ਰਵਿੰਦਰ ਸਿੰਘ ਸੋਢੀ, ਕੈਨੇਡਾ 136
* ਗੀਤ 140
* ਕਿਸਾਨਾਂ ਤੋਂ ਜ਼ਮੀਨਾਂ / ਪਰਗਟ ਘੁਮਾਣ, ਇੰਡੀਆ 141
* ਹਿਟਲਰ ਨੂੰ ਵੰਗਾਰ 142
* ਸੁਣ ਨੀ ਦਿੱਲੀਏ / ਸਤਨਾਮ ਚੌਹਾਨ, ਇੰਡੀਆ 143
* ਹਾਰਿਓ ਨਾ 145
* ਅਸੀਂ ਮੁੜ ਆਵਾਂਗੇ / ਪੁਸ਼ਪਿੰਦਰ ਵਿਰਕ, ਇੰਡੀਆ 147
* ਸੱਚ ਦਾ ਸਾਥੀ 149
* ਓਏ ਸੁਣ ਹਾਕਮਾਂ... / ਡਾ. ਪ੍ਰਿਤ ਪਾਲ ਕੌਰ ਚਾਹਲ, ਕੈਨੇਡਾ 150
* ਅੱਜ ਦਾ ਏਕਲਵਿਆ ਇਨਕਾਰੀ ਹੈ 152
* ਬਾਹਰੋ ਹੀ ਆਵੇ / ਜੱਸੀ ਢਿੱਲੋਂ, ਯੂ.ਐਸ.ਏ. 154
* ਕਿਸਾਨ ਹੀ ਹੈ 155
* ਗ਼ਜ਼ਲ / ਲਖਵਿੰਦਰ ਕੌਰ 'ਲੱਕੀ', ਯੂ.ਐਸ.ਏ. 156
* ਗ਼ਜ਼ਲ 157
* ਮੈਂ ਕਿਸਾਨ ਹਾਂ / ਚਰਨਜੀਤ ਸਿੰਘ 'ਪੰਨੂ', ਯੂ.ਐਸ.ਏ. 158
* ਦਿੱਲੀ ਮੋਰਚਾ 162
* ਗ਼ਜ਼ਲ / ਬਲਵਿੰਦਰ 'ਬਾਲਮ', ਇੰਡੀਆ 165
* ਗ਼ਜ਼ਲ 166
* ਗ਼ਜ਼ਲ / ਦੇਵਿੰਦਰ ਸਿੰਘ ਜੌਹਲ, ਇੰਡੀਆ 167

ਭੂਮਿਕਾ :

# ਅੰਦੋਲਨ, ਮੇਲਾ ਨਹੀਂ ਹੁੰਦਾ

ਕਿਸਾਨ ਅੰਦੋਲਨ ਸ਼ੁਰੂ ਤਾਂ ਭਾਵੇਂ ਕਿਸਾਨਾਂ ਵੱਲੋਂ ਹੀ ਕੀਤਾ ਗਿਆ ਸੀ; ਪਰ ਹੌਲੀ ਹੌਲੀ ਇਹ ਕਿਸਾਨ ਅੰਦੋਲਨ ਜਨ-ਅੰਦੋਲਨ ਬਣ ਗਿਆ ਅਤੇ ਵਿਸ਼ਵ-ਪੱਧਰ ਦੇ ਪੰਜਾਬੀ ਇਸ ਜਨ-ਅੰਦੋਲਨ ਦਾ ਹਿੱਸਾ ਬਣ ਗਏ.

ਇੱਕ ਸਾਲ ਤੋਂ ਵੀ ਵੱਧ ਸਮੇਂ ਤੱਕ ਚੱਲਿਆ ਇਹ ਕਿਸਾਨ ਅੰਦੋਲਨ ਇਤਿਹਾਸਕ ਅੰਦੋਲਨ ਬਣ ਗਿਆ. ਇਸ ਇਤਿਹਾਸਕ ਕਿਸਾਨ ਅੰਦੋਲਨ ਦੀਆਂ ਅਨੇਕਾਂ ਵਿਸ਼ੇਸ਼ ਗੱਲਾਂ ਸਨ; ਪਰ ਇਨ੍ਹਾਂ ਵਿਸ਼ੇਸ਼ ਗੱਲਾਂ ਵਿੱਚੋਂ ਵੀ ਸਭ ਤੋਂ ਵਿਸ਼ੇਸ਼ ਗੱਲ ਇਹ ਸੀ ਕਿ ਇਹ ਕਿਸਾਨ ਅੰਦੋਲਨ 'ਸਾਂਝੀਵਾਲਤਾ' ਦੇ ਸੰਕਲਪ ਨੂੰ ਆਧਾਰ ਬਣਾ ਕੇ ਲੜਿਆ ਗਿਆ. ਇਸ ਸੰਕਲਪ ਨੂੰ ਮੰਨਦਿਆਂ ਹੋਇਆਂ ਹੀ ਸਿੱਖ, ਹਿੰਦੂ, ਮੁਸਲਿਮ, ਈਸਾਈ, ਜੈਨੀ, ਬੋਧੀ, ਕਮਿਊਨਿਸਟ, ਖਾਲਿਸਤਾਨੀ, ਦਲਿਤ, ਕਿਸਾਨ ਇੱਕ ਦੂਜੇ ਦੇ ਮੋਢੇ ਨਾਲ ਮੋਢਾ ਜੋੜਕੇ, ਇੱਕ ਸਾਂਝਾ ਮੰਚ ਬਣਾ ਕੇ, ਕਿਸਾਨਾਂ ਦੀਆਂ ਮੰਗਾਂ ਮੰਨਵਾਉਣ ਲਈ, ਹਕੂਮਤ ਵਿਰੁੱਧ, ਸ਼ਾਂਤਮਈ ਤੌਰ ਤਰੀਕਿਆਂ ਰਾਹੀਂ, ਅੰਦੋਲਨ ਦੇ ਰੂਪ ਵਿੱਚ ਦੇਸ਼ ਦੀਆਂ ਸੜਕਾਂ ਉੱਤੇ ਆਏ.

ਇਸ ਅੰਦੋਲਨ ਨੇ ਵੀ ਬਿਲਕੁਲ ਉਸ ਤਰ੍ਹਾਂ ਦਾ ਹੀ ਰੂਪ ਧਾਰਿਆ ਜਿਵੇਂ ਕਿ ਹਿੰਦੁਸਤਾਨ ਉੱਤੇ ਹਕੂਮਤ ਕਰ ਰਹੇ ਅੰਗਰੇਜ਼ਾਂ ਨੂੰ ਦੇਸ਼ ਤੋਂ ਬਾਹਰ ਕੱਢਣ ਲਈ ਸਿੱਖਾਂ, ਹਿੰਦੂਆਂ, ਮੁਸਲਮਾਨਾਂ, ਈਸਾਈਆਂ, ਜੈਨੀਆਂ, ਬੋਧੀਆਂ, ਕਮਿਊਨਿਸਟਾਂ ਨੇ ਸਾਂਝਾ ਮੰਚ ਉਸਾਰ ਕੇ ਅੰਗ੍ਰੇਜ਼ਾਂ ਵਿਰੁੱਧ ਆਜ਼ਾਦੀ ਸੰਗ੍ਰਾਮ ਲੜਿਆ ਸੀ ਅਤੇ ਅੰਗ੍ਰੇਜ਼ ਹਕੂਮਤ ਵਿਰੁੱਧ ਜਿੱਤ ਪ੍ਰਾਪਤ ਕੀਤੀ ਸੀ.

ਕੁਝ ਪੰਜਾਬੀ ਕਵੀਆਂ/ਲੇਖਕਾਂ/ਬੁੱਧੀਜੀਵੀਆਂ/ਸੰਪਾਦਕਾਂ ਨੇ ਕਿਸਾਨਾਂ ਦੀ ਇਸ ਜੱਦੋਜਹਿਦ/ਅੰਦੋਲਨ ਨੂੰ ਇੱਕ 'ਮੇਲਾ' ਹੀ ਸਮਝਿਆ. ਜਿਸ ਤੋਂ ਉਤਸ਼ਾਹਿਤ ਹੋ ਕੇ ਪੰਜਾਬ ਦੀਆਂ ਕੁਝ ਯੂਨੀਵਰਸਿਟੀਆਂ ਵਿੱਚ ਮਰਦ/ਔਰਤਾਂ ਨੱਚਦੇ ਹੋਏ ਕੁਝ ਇਹੋ ਜਿਹੀਆਂ ਬੋਲੀਆਂ ਵੀ ਪਾਉਣ ਲੱਗੇ ਅਤੇ ਆਪਣੇ ਅਜਿਹੇ ਨਾਚ ਦੀਆਂ ਵੀਡੀਓ ਬਣਾ ਬਣਾ ਕੇ ਫੇਸਬੁੱਕ ਉੱਤੇ ਵਾਇਰਲ ਕਰਨ ਲੱਗੇ:

ਮੇਲੇ ਵਿੱਚ ਜਾਵਾਂਗੇ-
ਉੱਥੇ, ਪੀਜ਼ੇ ਦਾ ਲੰਗਰ ਖਾਵਾਂਗੇ
ਉੱਥੇ, ਦਹੀਂ-ਭੱਲੇ ਦਾ ਲੰਗਰ ਖਾਵਾਂਗੇ
ਉੱਥੇ, ਜਲੇਬੀਆਂ ਦਾ ਲੰਗਰ ਖਾਵਾਂਗੇ
ਉੱਥੇ, ਖੀਰਾਂ-ਪੂੜਿਆਂ ਦਾ ਲੰਗਰ ਖਾਵਾਂਗੇ
ਉੱਥੇ, ਦੇਸੀ ਖਿਓ ਦੀਆਂ ਪਿੰਨੀਆਂ ਦਾ ਲੰਗਰ ਖਾਵਾਂਗੇ

ਕਿਉਂਕਿ, ਅਸੀਂ ਸਮਝਦੇ ਹਾਂ ਕਿ 'ਅੰਦੋਲਨ' ਲੋਕਾਂ ਵੱਲੋਂ ਆਪਣੇ ਹੱਕਾਂ ਲਈ ਖ਼ੂਨ-ਪਸੀਨਾ ਵਹਾਉਣ ਵਾਲੀ ਕੀਤੀ ਗਈ ਇੱਕ ਜੱਦੋ-ਜਹਿਦ ਹੁੰਦੀ ਹੈ-

ਵਿਚਾਰਧਾਰਾਵਾਂ ਦਾ ਆਪਸੀ ਗਹਿ-ਗੱਚ ਯੁੱਧ ਹੁੰਦਾ ਹੈ; ਜਦੋਂ ਕਿ 'ਮੇਲਾ', ਮਹਿਜ਼, ਲੱਡੂ, ਜਲੇਬੀ, ਬਰਫ਼ੀ, ਪੀਜ਼ਾ, ਖੀਰਾਂ-ਪੂੜੇ, ਖਾਣ ਅਤੇ ਮਾਨਸਿਕ/ਸਰੀਰਕ ਤੌਰ ਉੱਤੇ ਮੌਜ-ਮੇਲਾ ਕਰਨ ਆਏ ਲੋਕਾਂ ਦਾ ਇੱਕ ਖਰੂਦੀ ਇਕੱਠ ਹੁੰਦਾ ਹੈ-ਜਿਸ ਖਰੂਦੀ ਇਕੱਠ ਦਾ ਮਕਸਦ, ਮਹਿਜ਼, ਹੂ-ਹੱਲਾ ਅਤੇ ਹੁੱਲੜਬਾਜ਼ੀ ਕਰਨਾ ਹੁੰਦਾ ਹੈ.

ਇਸੀ ਕਰਕੇ ਹੀ ਅਸੀਂ ਫੈਸਲਾ ਕੀਤਾ ਕਿ ਕਿਸਾਨ ਅੰਦੋਲਨ ਨਾਲ ਸਬੰਧਤ, ਵਿਸ਼ਵ-ਪੱਧਰ ਉੱਤੇ, ਰਚੀ ਜਾ ਰਹੀ ਪੰਜਾਬੀ ਸ਼ਾਇਰੀ ਦੀ ਇੱਕ ਨੁਮਾਇੰਦਾ ਕਾਵਿ-ਪੁਸਤਕ ਦੀ ਸੰਪਾਦਨਾ ਕੀਤੀ ਜਾਵੇ ਅਤੇ ਉਸ ਕਾਵਿ-ਪੁਸਤਕ ਦਾ ਨਾਮ ਵੀ 'ਅੰਦੋਲਨ, ਮੇਲਾ ਨਹੀਂ ਹੁੰਦਾ' ਹੀ ਰੱਖਿਆ ਜਾਵੇ.

ਇਹ ਵੀ ਫੈਸਲਾ ਲਿਆ ਗਿਆ ਕਿ ਇਸ ਕਾਵਿ-ਪੁਸਤਕ ਵਿੱਚ ਚੋਣਵੀਆਂ 100 ਕਾਵਿ ਰਚਨਾਵਾਂ ਹੀ ਸ਼ਾਮਿਲ ਕੀਤੀਆਂ ਜਾਣ.

ਇਹ ਵੀ ਫੈਸਲਾ ਲਿਆ ਗਿਆ ਕਿ ਇਸ ਕਾਵਿ-ਪੁਸਤਕ ਲਈ ਕਿਸਾਨ ਅੰਦੋਲਨ ਸਬੰਧੀ ਕਾਵਿ ਰਚਨਾਵਾਂ ਮੰਗਵਾਉਣ ਲਈ ਬਿਨ੍ਹਾਂ ਕਿਸੀ ਨਾਲ ਕੋਈ ਵਿਤਕਰਾ ਕੀਤੇ ਵਿਸ਼ਵ-ਪੱਧਰ ਉੱਤੇ ਸਰਗਰਮ ਪੰਜਾਬੀ ਕਵੀਆਂ/ਕਵਿਤਰੀਆਂ ਨੂੰ ਸੱਦਾ ਦਿੱਤਾ ਜਾਵੇ; ਅਤੇ ਨ ਹੀ ਵੱਡੇ ਘਰਾਂ ਦੇ ਕਾਕਿਆਂ/ਕਾਕੀਆਂ ਜਾਂ ਸਾਹਿਤ ਅਕੈਡਮੀ ਐਵਾਰਡ ਜੇਤੂਆਂ/ਸ਼ਰੋਮਣੀ ਸਾਹਿਤਕਾਰਾਂ/ਪਦਮ ਸ਼ਿਰੀ ਸ਼ਾਇਰਾਂ ਨੂੰ ਇਸ ਕਾਵਿ ਪੁਸਤਕ ਵਿੱਚ ਕੋਈ ਵਿਸ਼ੇਸ਼ ਪਹਿਲ ਜਾਂ ਮਹੱਤਤਾ ਦਿੱਤੀ ਜਾਵੇ.

ਸਾਨੂੰ ਇਹ ਗੱਲ ਦੱਸਦਿਆਂ ਖ਼ੁਸ਼ੀ ਮਹਿਸੂਸ ਹੁੰਦੀ ਹੈ ਕਿ ਵਿਸ਼ਵ-ਪੱਧਰ ਉੱਪਰ ਸਰਗਰਮ ਪੰਜਾਬੀ ਕਵੀਆਂ/ਕਵਿਤਰੀਆਂ ਨੇ ਸਾਡੇ ਸੱਦੇ ਨੂੰ ਭਰਵਾਂ ਹੁੰਗਾਰਾ ਦਿੱਤਾ ਹੈ.

'ਅੰਦੋਲਨ, ਮੇਲਾ ਨਹੀਂ ਹੁੰਦਾ' ਕਾਵਿ-ਪੁਸਤਕ ਵਿੱਚ ਅਸੀਂ ਅਸਟਰੇਲੀਆ, ਜਰਮਨੀ, ਇਟਲੀ, ਇੰਡੀਆ, ਕੈਨੇਡਾ, ਯੂ.ਐਸ.ਏ. ਅਤੇ ਯੂ.ਕੇ. ਦੇ 52 ਪੰਜਾਬੀ ਕਵੀਆਂ/ਕਵਿਤਰੀਆਂ ਦੀਆਂ ਚੋਣਵੀਆਂ 100 ਕਾਵਿ ਰਚਨਾਵਾਂ ਪੰਜਾਬੀ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ.

ਸਾਨੂੰ ਪੂਰੀ ਉਮੀਦ ਹੈ ਕਿ ਕਿਸਾਨ ਜਨ-ਅੰਦੋਲਨ ਨਾਲ ਜੁੜੀਆਂ ਇਹ ਕਾਵਿ ਰਚਨਾਵਾਂ ਪੰਜਾਬੀ ਪਾਠਕਾਂ ਨੂੰ ਪਸੰਦ ਆਉਣਗੀਆਂ. ਮੈਂ ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ ਦੇ ਅਮਿਤ ਮਿੱਤਰ ਹੋਰਾਂ ਦਾ ਧੰਨਵਾਦ ਕਰਨਾ ਵੀ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ ਜਿਨ੍ਹਾਂ ਨੇ 'ਅੰਦੋਲਨ, ਮੇਲਾ ਨਹੀਂ ਹੁੰਦਾ' ਕਾਵਿ ਸੰਗ੍ਰਹਿ ਸਮੇਂ ਸਿਰ ਛਾਪ ਕੇ ਪੰਜਾਬੀ ਪਾਠਕਾਂ ਦੇ ਰੂ-ਬ-ਰੂ ਕੀਤਾ ਹੈ.

-ਸੁਖਿੰਦਰ
ਸੰਪਾਦਕ : ਸੰਵਾਦ

ਫਰਵਰੀ 13, 2022 ਮਾਲਟਨ, ਕੈਨੇਡਾ

# ਅੰਦੋਲਨ, ਕਦੀ ਵੀ ਮੇਲਾ ਨਹੀਂ ਹੁੰਦਾ



ਸੁਖਿੰਦਰ
ਕੈਨੇਡਾ

ਅੰਦੋਲਨ, ਕਦੀ ਵੀ
ਮੇਲਾ ਨਹੀਂ ਹੁੰਦਾ-

ਏਅਰ-ਕੰਡੀਸ਼ਨ, ਕਮਰਿਆਂ ਵਿੱਚ
ਬੈਠ, ਕਦੀ, ਅੰਦੋਲਨ ਨਹੀਂ ਹੁੰਦੇ-
ਐਸ਼-ਪ੍ਰਸਤੀ ਹੀ ਹੋ ਸਕਦੀ ਹੈ

ਇਹ ਵੀ, ਸੱਚ ਹੈ-
ਮਲਿਕ ਭਾਗੋਆਂ ਦੇ
ਮਹਾਂ-ਭੋਜ ਖਾਹ ਖਾਹ ਕੇ
ਕਦੀ ਵੀ, ਕੋਈ
ਆਖ ਨਹੀਂ ਸਕਦਾ :
'ਰਾਜੇ ਸ਼ੀਂਹ, ਮੁਕੱਦਮ ਕੁੱਤੇ'

ਅੰਦੋਲਨ ਜਾਂ ਮੇਲਾ-
ਸਬੱਬ ਵੀ ਵੱਖਰਾ
ਉਦੇਸ਼ ਵੀ ਵੱਖਰਾ

ਅੰਦੋਲਨ-
ਵਿਚਾਰਾਂ ਦੀਆਂ ਤਲਵਾਰਾਂ ਦਾ
ਇੱਕ ਦੂਜੇ ਨਾਲ ਖਹਿਬੜਨਾ
ਚੰਗਿਆੜੇ ਛੱਡਣਾ

ਮੇਲਾ-
ਲੱਡੂਆਂ, ਜਲੇਬੀਆਂ, ਖੀਰਾਂ, ਪੂੜਿਆਂ, ਦੇ
ਲੰਗਰ ਖਾਹ ਖਾਹ ਡਕਾਰ ਮਾਰਨੇ
ਵਿਹਲੜਾਂ ਦਾ, ਮੌਜ-ਮੇਲਾ

ਅੰਦੋਲਨ-

ਘਰੋਂ ਨਿਕਲਣ ਵੇਲੇ
ਆਖਰੀ ਦੁਆ-ਸਲਾਮ ਕਰ ਨਿਕਲਣਾ
ਕੀ ਪਤਾ, ਰਾਹ ਹੀ ਖਾਹ ਜਾਣ
ਘਰ, ਪਰਚਮ 'ਚ ਲਿਪਟੀ
ਲਾਸ਼ ਹੀ ਵਾਪਿਸ ਮੁੜੇ

ਮੇਲਾ-
ਘਰੋਂ ਨਿਕਲਣ ਵੇਲੇ
ਇਹ ਵਾਹਦਾ ਕਰਕੇ ਤੁਰਨਾ
ਮਦਮਸਤ ਹੋ ਕੇ ਘਰ ਮੁੜਾਂਗੇ
ਗੁਲਾਬਾਂ ਦੇ ਗੁਲਦਸਤੇ ਹੱਥਾਂ 'ਚ ਫੜੀ
ਚਿਹਰਿਆਂ 'ਤੇ ਮੁਸਕਰਾਹਟਾਂ ਖਿਲਾਰੀ

ਅੰਦੋਲਨ-
-ਬਗ਼ਾਵਤੀ ਸੁਰਾਂ
-ਪਾਟੇ ਲੀੜੇ
-ਜ਼ਖਮੀ ਬਦਨ
-ਲਹੂ-ਲੁਹਾਨ ਪੈਰ
-ਤਲਖੀਆਂ
-ਨਿਰਾਸ਼ਾਵਾਂ

ਮੇਲਾ-
-ਮਿਲਣ ਦਾ ਚਾਅ
-ਗੁਲਾਬਾਂ ਦੀ ਮਹਿਕ
-ਸੁੰਦਰ ਪੁਸ਼ਾਕਾਂ
-ਮਹਿੰਦੀ ਰੰਗੇ ਪੈਰ
-ਹਾਸੇ
-ਆਸ਼ਾਵਾਂ

ਅੰਦੋਲਨ, ਕਦੀ ਵੀ
ਮੇਲਾ ਨਹੀਂ ਹੁੰਦਾ !
ਅੰਦੋਲਨ, ਕਦੀ ਵੀ
ਮੇਲਾ ਨਹੀਂ ਹੁੰਦਾ !!
ਅੰਦੋਲਨ, ਕਦੀ ਵੀ
ਮੇਲਾ ਨਹੀਂ ਹੁੰਦਾ !!!

■ (ਮਾਲਟਨ, ਫਰਵਰੀ 24, 2021)

# ਤਾਂ, ਤੂੰ ਬਈ ਜਾਹ

ਸੈਂਕੜੇ, ਕਿਸਾਨਾਂ ਦੀਆਂ ਮੌਤਾਂ ਦੀਆਂ
ਆ ਰਹੀਆਂ, ਖਬਰਾਂ ਸੁਣ ਕੇ
ਜਿਹੜੇ, ਪੱਥਰ ਦਿਲ, ਰਾਜਨੀਤੀਵਾਨ
ਭਰੀਆਂ, ਲੋਕ-ਸਭਾਵਾਂ ਵਿੱਚ, ਖਿੜ ਖਿੜਾ ਕੇ
ਤਾੜੀਆਂ ਮਾਰਦੇ ਹਨ, ਉਨ੍ਹਾਂ ਦੇ
ਝੱਗੇ, ਜਾਂਘੀਏ, ਪਾਟ ਜਾਣ ਦਾ
ਜੇਕਰ, ਤੈਨੂੰ, ਏਨਾ ਹੀ
ਫਿਕਰ ਹੈ ਨ
ਤਾਂ, ਤੂੰ, ਬਈ ਜਾਹ-
ਮੈਨੂੰ, ਤਾਂ, ਚੰਗਾ ਲੱਗਦਾ ਹੈ
ਅਜਿਹੇ, ਬੇਰਹਿਮ, ਮੁਖੌਟਾਧਾਰੀਆਂ ਦੀ
ਅਜਿਹੀ, ਹਾਲਤ ਦਾ, ਜਸ਼ਨ ਮਨਾਉਣਾ

ਹਜ਼ਾਰਾਂ, ਅੰਦੋਲਨਕਾਰੀ ਕਿਸਾਨਾਂ ਨੂੰ
ਠੰਡੀਆਂ, ਰਾਤਾਂ ‘ਚ ਸੁੰਨ ਹੁੰਦੇ ਦੇਖ
ਜਿਹੜੇ, ਬਹੁ-ਰੂਪੀਏ, ਉਨ੍ਹਾਂ ਨੂੰ
ਦੇਸ਼-ਧ੍ਰੋਹੀ, ਦੇਸ਼-ਧ੍ਰੋਹੀ, ਰਾਗ ਅਲਾਪ ਕੇ
ਆਪਣੀ, ਦਿਲਲਗੀ ਕਰਦੇ ਹਨ
ਉਨ੍ਹਾਂ, ਬਹੁ-ਰੂਪੀਆਂ ਦੀ
ਭਰੇ ਬਾਜ਼ਾਰ, ਹੁੰਦੀ ਬੇਇਜ਼ਤੀ ਦਾ
ਜੇਕਰ, ਤੈਨੂੰ, ਏਨਾ ਹੀ
ਫਿਕਰ ਹੈ ਨ
ਤਾਂ, ਤੂੰ, ਬਈ ਜਾਹ-
ਮੈਨੂੰ, ਤਾਂ, ਚੰਗਾ ਲੱਗਦਾ ਹੈ
ਅਜਿਹੇ, ਬਹੁ-ਰੂਪੀਏ, ਰਾਜਨੀਤੀਵਾਨਾਂ ਦੇ
ਮੁਖੌਟੇ ਲੀਰੋ ਲੀਰ ਹੋਣ ਦਾ, ਜਸ਼ਨ ਮਨਾਉਣਾ

ਲੱਖਾਂ, ਕਿਸਾਨਾਂ ਦੀ ਰੋਟੀ ਰੋਜ਼ੀ
ਖਤਰੇ ‘ਚ ਪੈਂਦੀ ਦੇਖ
ਜਿਹੜੇ, ਭ੍ਰਿਸ਼ਟ, ਰਾਜਨੀਤੀਵਾਨ
ਅੰਬਾਨੀ, ਅੰਡਾਨੀ, ਜਿਹੇ, ਸਰਮਾਇਦਾਰਾਂ

ਲੁਟੇਰਿਆਂ, ਦਾ ਹੀ ਪੱਖ ਪੂਰਦੇ ਹਨ
ਉਨ੍ਹਾਂ, ਭ੍ਰਿਸ਼ਟ, ਰਾਜਨੀਤੀਵਾਨਾਂ ਦੀ
ਹੁੰਦੀ, ਜਨਤਕ, ਧੂਹ-ਘੜੀਸ ਦਾ
ਜੇਕਰ, ਤੈਨੂੰ, ਏਨਾ ਹੀ
ਫਿਕਰ ਹੈ ਨ
ਤਾਂ, ਤੂੰ, ਬਈ ਜਾਹ-
ਮੈਨੂੰ, ਤਾਂ, ਚੰਗਾ ਲੱਗਦਾ ਹੈ
ਅਜਿਹੇ, ਭ੍ਰਿਸ਼ਟ, ਰਾਜਨੀਤੀਵਾਨਾਂ ਦੇ ਝੂਠ ਨੂੰ
ਸਰੇਬਾਜ਼ਾਰ, ਨੰਗਿਆਂ ਹੋਣ ਦਾ, ਜਸ਼ਨ ਮਨਾਉਣਾ

ਸ਼ਾਂਤਮਈ, ਅੰਦੋਲਨਕਾਰੀ ਕਿਸਾਨਾਂ ਉੱਤੇ
ਨਿੱਤ, ਕਾਤਲਾਨਾ, ਹਮਲੇ ਹੁੰਦੇ ਦੇਖ
ਧਾਰਮਿਕ, ਕੱਟੜਵਾਦੀ, ਹੁੱਲੜਬਾਜ਼ਾਂ, ਫਿਰਕੂਆਂ
ਹਮਲਾਵਰਾਂ, ਦਾ ਹੀ ਪੱਖ ਪੂਰਦੇ ਹਨ
ਉਨ੍ਹਾਂ, ਹਕੂਮਤ ਦੇ ਝੋਲੀਚੁੱਕਾਂ ਦੀ
ਹੁੰਦੀ, ਥਾਂ, ਥਾਂ, ਥੂਹ, ਥੂਹ ਦਾ
ਜੇਕਰ, ਤੈਨੂੰ, ਏਨਾ ਹੀ
ਫਿਕਰ ਹੈ ਨ
ਤਾਂ, ਤੂੰ ਬਈ ਜਾਹ-
ਮੈਨੂੰ, ਤਾਂ, ਚੰਗਾ ਲੱਗਦਾ ਹੈ
ਅਜਿਹੇ, ਝੋਲੀਚੁੱਕ, ਰਾਜਨੀਤੀਵਾਨਾਂ ਦੀ
ਚੌਰਸਤਿਆਂ 'ਚ, ਲਾਹ-ਪਾਹ ਦਾ, ਜਸ਼ਨ ਮਨਾਉਣਾ

ਜੇਕਰ, ਤੂੰ, ਹਰ ਪਲ
ਹਕੂਮਤ ਦਾ, ਗੜਵੱਈ ਬਣ
ਕਿਸਾਨ ਵਿਰੋਧੀ, ਰਾਗ ਹੀ
ਅਲਾਪਣਾ ਹੈ ਨ-

ਤਾਂ, ਤੂੰ, ਬਈ ਜਾਹ !
ਤਾਂ, ਤੂੰ, ਬਈ ਜਾਹ !!
ਤਾਂ, ਤੂੰ, ਬਈ ਜਾਹ !!!
■

(ਮਾਲਟਨ, ਮਾਰਚ 30, 2021)

# ਕ੍ਰਾਂਤੀ ਦੀ ਭਾਸ਼ਾ

ਕਿਸਾਨ, ਕ੍ਰਾਂਤੀ ਦੀ ਭਾਸ਼ਾ
ਸਿਰਜ ਰਹੇ ਹਨ-

ਹਕੂਮਤ, ਆਪਣੀ, ਦਹਿਸ਼ਤ ਦਿਖਾਉਣ ਲਈ
ਉਨ੍ਹਾਂ ਵੱਲ, ਪਾਣੀ ਦੀਆਂ ਬੁਛਾਰਾਂ ਸੁੱਟਦੀ-
ਤਾਂ, ਕਿਸਾਨ, ਆਪਣੇ, ਜਿਸਮਾਂ ਨੂੰ ਦੀਵਾਰਾਂ ਬਣਾ
ਉਨ੍ਹਾਂ, ਬੁਛਾਰਾਂ ਦਾ ਮੁਕਾਬਲਾ ਕਰਦੇ

ਹਕੂਮਤ, ਆਪਣੀ, ਦਹਿਸ਼ਤ ਦਿਖਾਉਣ ਲਈ
ਉਨ੍ਹਾਂ ਵੱਲ, ਅੱਥਰੂ ਗੈਸ ਦੇ ਗੋਲੇ ਸੁੱਟਦੀ-
ਤਾਂ, ਕਿਸਾਨ, ਆਪਣੀਆਂ, ਅੱਖਾਂ ਨੂੰ ਢਾਲਾਂ ਬਣਾ
ਉਨ੍ਹਾਂ, ਅੱਥਰੂ ਗੈਸ ਦੇ ਗੋਲਿਆਂ ਦਾ ਮੁਕਾਬਲਾ ਕਰਦੇ

ਹਕੂਮਤ, ਆਪਣੀ, ਦਹਿਸ਼ਤ ਦਿਖਾਉਣ ਲਈ
ਉਨ੍ਹਾਂ ਵੱਲ, ਕੰਡਿਆਲੀਆਂ ਤਾਰਾਂ ਦੇ ਜਾਲ ਵਿਛਾਉਂਦੀ-
ਤਾਂ, ਕਿਸਾਨ, ਆਪਣੇ, ਦ੍ਰਿੜ ਇਰਾਦਿਆਂ ਨਾਲ
ਉਨ੍ਹਾਂ, ਰੁਕਾਵਟਾਂ ਦੇ ਜਾਲ ਟੋਟੇ ਟੋਟੇ ਕਰਦੇ

ਹਕੂਮਤ, ਆਪਣੀ, ਦਹਿਸ਼ਤ ਦਿਖਾਉਣ ਲਈ
ਉਨ੍ਹਾਂ ਵੱਲ, ਆਪਣੇ, ਮੁਖੌਟਾਧਾਰੀ, ਸੂਹੀਏ ਭੇਜਦੀ-
ਤਾਂ, ਕਿਸਾਨ, ਆਪਣੀ, ਸਿਆਣਪ ਨਾਲ
ਉਨ੍ਹਾਂ, ਮੁਖੌਟਾਧਾਰੀਆਂ ਦੇ ਮੁਖੌਟੇ ਲੀਰੋ ਲੀਰ ਕਰਦੇ

ਕਿਸਾਨ, ਕ੍ਰਾਂਤੀ ਦੀ ਭਾਸ਼ਾ
ਸਿਰਜ ਰਹੇ ਹਨ-

ਇਹ, ਭਾਸ਼ਾ, ਹੌਲੀ, ਹੌਲੀ
ਆਪਣਾ, ਰੰਗ ਦਿਖਾਏਗੀ

ਜਦੋਂ, ਕ੍ਰਾਂਤੀ ਦੇ, ਸੂਹੇ ਫੁੱਲ
ਦੂਰ, ਦੂਰ, ਤੱਕ ਖਿੜ ਉੱਠਣਗੇ ■ (ਮਾਲਟਨ, ਦਸੰਬਰ 3, 2020)

# ਕਿਸਾਨ ਯੁੱਧ

ਉਹ, ਤੁਰ ਪਏ ਹਨ
ਇੱਕ, ਹੰਕਾਰੀ ਰਾਜੇ ਦੀ
ਧੌਣ ਉੱਤੇ ਗੋਡਾ ਰੱਖਣ ਲਈ–

ਉਨ੍ਹਾਂ ਦੇ, ਹੱਥਾਂ ਵਿੱਚ
ਬੰਦੂਕ ਅਤੇ ਹੈਂਡਗਰਨੇਡ ਨਹੀਂ ਹਨ
ਨ ਹੀ ਤਲਵਾਰਾਂ ਅਤੇ ਗੰਡਾਸੇ ਹਨ

ਉਨ੍ਹਾਂ ਨੂੰ, ਕਿਸੀ
ਸੁਦਰਸ਼ਨ ਚੱਕਰ ਦੀ ਵੀ ਲੋੜ ਨਹੀਂ
ਨ ਹੀ, ਕਿਸੀ, ਲੇਜ਼ਰ ਗਾਈਡਡ ਮਿਜ਼ਾਈਲ ਦੀ ਹੀ
ਨ ਹੀ, ਕਿਸੀ, ਲੜਾਕੂ ਰਾਫ਼ੈਲ ਜਹਾਜ਼ ਦੀ ਹੀ

ਹੌਂਸਲੇ ਅਤੇ ਦਲੇਰੀ ਨਾਲ
ਉਹ, ਵੱਧ ਰਹੇ ਹਨ
ਹੰਕਾਰ ਅਤੇ ਘੁਮੰਡ ਦੇ
ਕਿਲੇ ਦੇ ਕਿੰਗਰੇ ਢਾਹੁਣ ਵੱਲ

ਉਹ, ਕਿਸਾਨ ਹਨ–
ਉਨ੍ਹਾਂ ਨੂੰ, ਧਰਤੀ ਨਾਲ ਮੋਹ ਹੈ
ਉਨ੍ਹਾਂ ਨੂੰ, ਪਾਣੀ ਨਾਲ ਮੋਹ ਹੈ
ਉਨ੍ਹਾਂ ਨੂੰ, ਹਵਾ ਨਾਲ ਮੋਹ ਹੈ

ਉਹ, ਕਿਸਾਨ ਹਨ–
ਉਨ੍ਹਾਂ ਦੇ, ਹੱਥਾਂ ਦੀ ਛੋਹ ਨਾਲ
ਖੇਤਾਂ ‘ਚ ਫਸਲਾਂ ਲਹਿਲਹਾਂਦੀਆਂ ਹਨ
ਉਨ੍ਹਾਂ ਦੇ, ਹੱਥਾਂ ਦੀ ਛੋਹ ਨਾਲ
ਪਿਆਸੀਆਂ, ਫਸਲਾਂ ਪਾਣੀ ਪੀਂਦੀਆਂ ਹਨ
ਉਨ੍ਹਾਂ ਦੇ, ਹੱਥਾਂ ਦੀ ਛੋਹ ਨਾਲ
ਖੇਤਾਂ ‘ਚ, ਤਾਜ਼ੀ ਹਵਾ ਦੇ ਬੁੱਲੇ ਆਉਂਦੇ ਹਨ

ਉਹ, ਕਿਸਾਨ ਹਨ-
ਉਹ, ਦੇਸ਼ ਦੀ ਆਰਥਿਕਤਾ ਦੀ
ਰੀੜ੍ਹ ਦੀ ਹੱਡੀ ਹਨ

ਜੇਕਰ, ਦੇਸ਼ ਦੀ
ਰੀੜ੍ਹ ਦੀ ਹੱਡੀ ਟੁੱਟ ਗਈ-
ਤਾਂ, ਸਮੁੱਚੇ ਦੇਸ਼ ਨੂੰ
ਲਕਵਾ ਮਾਰ ਜਾਏਗਾ
■

(ਮਾਲਟਨ, ਨਵੰਬਰ 24, 2020)

# ਕਿਸਾਨ

ਕਿਸਾਨ ਦਾ ਧਰਮ ਨ ਪੁੱਛੋ
ਕਿਸਾਨ ਦੀ ਜ਼ਾਤ ਨ ਪੁੱਛੋ
ਕਿਸਾਨ ਦੀ ਬੋਲੀ ਨ ਪੁੱਛੋ
ਕਿਸਾਨ ਦਾ ਸਭਿਆਚਾਰ ਨ ਪੁੱਛੋ

ਉਸਦੀ ਪਹਿਚਾਣ–
ਖੇਤਾਂ 'ਚ ਡੁੱਲ੍ਹ ਰਿਹਾ ਉਸਦਾ ਪਸੀਨਾ ਹੈ
ਉਸਦੀ ਪਹਿਚਾਣ–
ਖੇਤਾਂ 'ਚ ਲਹਿਲਹਾਂਦੀਆਂ ਫਸਲਾਂ ਹਨ
ਉਸਦੀ ਪਹਿਚਾਣ–
ਮੰਡੀਆਂ 'ਚ ਰੁਲ ਰਹੇ ਉਸਦੇ ਸੁਫ਼ਨੇ ਹਨ

ਉਸਦੀ ਪਹਿਚਾਣ–
ਹੰਕਾਰੀ ਗਾਇਕਾਂ ਦੇ ਗੀਤਾਂ 'ਚ ਨਹੀਂ
ਉਸਦੀ ਪਹਿਚਾਣ–
ਮੋਢਿਆਂ ਤੇ ਰੱਖੀਆਂ ਦੋਨਾਲੀ ਬੰਦੂਕਾਂ 'ਚ ਨਹੀਂ
ਉਸਦੀ ਪਹਿਚਾਣ–
ਮਹਿੰਗੀਆਂ ਬਦੇਸ਼ੀ ਕਾਰਾਂ 'ਚ ਨਹੀਂ

ਕਿਸਾਨ ਦੀ ਯਾਦ, ਉਦੋਂ ਆਉਂਦੀ ਹੈ–
ਜਦੋਂ, ਅਸੀਂ, ਅੰਤਾਂ ਦੀ ਭੁੱਖ ਨਾਲ
ਚੀਖ ਰਹੇ ਹੁੰਦੇ ਹਾਂ

ਕਿਸਾਨ ਦੀ ਯਾਦ, ਉਦੋਂ ਆਉਂਦੀ ਹੈ–
ਜਦੋਂ, ਦੇਸ ਵਿੱਚ, ਕਾਲ ਪੈ ਜਾਣ ਸਦਕਾ
ਲਾਸ਼ਾਂ ਦੇ ਅੰਬਾਰ ਲੱਗ ਜਾਂਦੇ ਹਨ

ਕਿਸਾਨ ਦੀ ਯਾਦ, ਉਦੋਂ ਆਉਂਦੀ ਹੈ–
ਜਦੋਂ, ਅਨਾਜ ਖਾਤਿਰ, ਸਾਨੂੰ
ਬਦੇਸ਼ਾਂ ਅੱਗੇ ਝੋਲੀ ਅੱਡਣੀ ਪੈਂਦੀ ਹੈ

ਹਕੂਮਤਾਂ, ਜਦੋਂ
ਨਾਦਰਸ਼ਾਹੀ, ਲੁੱਟ ਮਚਾਂਦੀਆਂ ਹਨ
ਤਾਂ, ਉਹ, ਕਿਸਾਨਾਂ ਨੂੰ ਹੀ
ਸਭ ਤੋਂ ਪਹਿਲਾਂ, ਗੁਲਾਮੀ ਦੇ
ਸੰਗਲਾਂ ਵਿੱਚ, ਕੈਦ
ਕਰਦੀਆਂ ਹਨ

ਕਿਉਂਜੁ, ਉਹ
ਜਾਣਦੀਆਂ ਹਨ, ਅਨਾਜ ਦੇ ਭੰਡਾਰ
ਹਕੂਮਤ ਦੀ ਕੈਦ ਵਿੱਚ ਹੋਣਗੇ
ਤਾਂ, ਜਨਤਾ ਦੀ ਗਿੱਚੀ
ਉਹ, ਕਿਸੀ ਵੀ ਪਲ
ਮਰੋੜ ਸਕਣਗੇ
■

(ਸਤੰਬਰ 24, 2020, ਮਾਲਟਨ)

**-Sukhinder**
**Malton, Canada**
**poet_sukhinder@hotmail.com**



ਕਮਲਜੀਤ ਕੰਵਰ
ਇੰਡੀਆ

# ਗ਼ਜ਼ਲ

ਬੰਧਨ ਤੋੜਾਂਗੇ ਸਭ, ਤੇਰਾ ਤਖ਼ਤ ਹਿਲਾਵਾਂਗੇ
ਦੇਖੀਂ ਹੁਣ, ਤੈਨੂੰ ਤੇਰੀ ਔਕਾਤ ਦਿਖਾਵਾਂਗੇ

ਪਾਪਾਂ ਦੀ ਪੰਡ ਭਰ ਚੁੱਕੀ ਹੈ, ਅੱਜ ਦੇ ਮੁਗ਼ਲਾਂ ਦੀ
ਭਾਜੀ ਮੋੜਾਂਗੇ, ਇਹ ਖ਼ੂਨੀ ਬਾਜ਼ ਭਜਾਵਾਂਗੇ

ਸਾਡੇ ਘਰ ਜੇ ਅੱਗ ਬਲ਼ੀ ਨਾ, ਤੂੰ ਵੀ ਸੋਚ ਲਵੀਂ
ਤੇਰੇ ਘਰ ਵਿਚ ਜਾ ਕੇ, ਤੇਰਾ ਚੁੱਲਾ ਢਾਵਾਂਗੇ

ਬੋਲ਼ੇ ਸੱਪਾਂ ਅੱਗੇ ਤੂੰ ਨਾ, ਬੀਨ ਬਜਾਈ ਚੱਲ
ਫਨ ਕੁਚਲਾਂਗੇ ਇਹਨਾਂ ਦੇ, ਹੁਣ ਡਾਂਗ ਚਲਾਵਾਂਗੇ

ਪੈਰਾਂ ਦੇ ਵਿਚ ਰੋਲ਼ੀ ਜਾਂਦਾ, ਏ ਕਿਰਸਾਨੀ ਉਹ
ਆਪਾਂ ਵੀ ਹੁਣ ਛੱਡ ਕੇ ਹਲ਼, ਤਲਵਾਰ ਉਠਾਵਾਂਗੇ

ਹੁਣ ਤੇਰੀ ਫਾਂਸੀ ਦਾ ਸਾਨੂੰ, ਭੈਅ ਨਾ ਭੋਰਾ ਵੀ
ਉਲਟਾ ਤੇਰੀ ਮਨਮਰਜ਼ੀ ਨੂੰ, ਫਾਹੇ ਲਾਵਾਂਗੇ

ਬਦਲਾ ਜਾਕੇ ਲੰਡਨ ਵਿਚ, ਨਹੀਂ ਲੈਣ ਦਾ ਵੇਲਾ ਹੁਣ
ਹੁਣ ਦਿੱਲੀ ਦੇ ਡਾਇਰ, ਦਿੱਲੀ ਅੰਦਰ ਢਾਵਾਂਗੇ

ਜਿੱਤਣ ਤੀਕਰ ਮੁਰਦਾਬਾਦ, ਕਰਾਂਗੇ ਹੁਣ ਤੇਰੀ
ਕਰ ਜੋ ਕਰਨੈ ਆਪਾਂ, ਜ਼ਿੰਦਾਬਾਦ ਕਹਾਵਾਂਗੇ

ਤੇਰੀ ਮਰਜ਼ੀ ਹੀ ਚੱਲੇਗੀ, ਕੱਢ ਦੇ ਦਿਲ 'ਚੋਂ ਤੂੰ
ਪਛਤਾਏਂਗਾ ਹੱਥ ਕੰਵਰ, ਏਦਾਂ ਦੇ ਪਾਵਾਂਗੇ

■

## ਗਜ਼ਲ

ਝੰਡਾ ਆਪਣੇ  ਹੱਕਾਂ ਦਾ, ਲਹਿਰਾ ਕੇ ਆਵਾਂਗੇ
ਦਿੱਲੀਏ ਤੇਰੀ ਇੱਟ ਨਾਲ ਇੱਟ, ਵਜਾ ਕੇ ਆਵਾਂਗੇ

ਕੁੰਭਕਰਣ ਦੀ ਨੀਂਦਰ ਸੁੱਤੀ, ਹਾਕਮ ਦੀ ਢਾਣੀ
ਚਿੰਤਨ ਦੀ ਸੂਲੀ ਉੱਤੇ,  ਲਟਕਾ ਕੇ ਅਵਾਂਗੇ

ਕਿਰਸਾਨੀ ਹੁੰਦੀ ਸੱਪਾਂ ਦੀਆਂ, ਸਿਰੀਆ ਮਿੱਧ ਮਿੱਧ ਕੇ
ਉਸ ਨੂੰ ਇਸ ਗੱਲ ਦਾ, ਇਹਸਾਸ ਕਰਾ ਕੇ ਆਵਾਂਗੇ

ਖ਼ੁਦ ਨੂੰ ਚੌਂਕੀਦਾਰ,  ਲੁਟੇਰੇ ਦੱਸਣ ਲੱਗੇ ਹੁਣ
ਸੱਚ ਉਨਾਂ ਦਾ ਸਭਨਾਂ ਨੂੰ, ਸਮਝਾ ਕੇ ਆਵਾਂਗੇ

ਹਉਮੈ ਤੇਰੀ ਪੈਰਾਂ ਹੇਠਾਂ, ਦਰੜਨਗੇ ਮਜ਼ਲੂਮ
ਤੇਰੀ ਤਾਨਾਸ਼ਾਹੀ ਨੂੰ, ਨੱਥ ਪਾ ਕੇ ਆਵਾਂਗੇ

ਹੱਕਾਂ ਦੀ ਰਾਖੀ ਲਈ ਹੱਥ, ਉਠਿਆ ਏ ਹੁਣ ਆਪਣਾ
ਲੋੜ ਪਈ ਤੇ ਉਸਦੇ, ਗਲ ਨੂੰ ਪਾ ਕੇ ਆਵਾਂਗੇ

ਤੋੜ ਦਵੇਗਾ ਬਾਜਾਂ ਦੇ, ਖੰਭ ਲੋਕਾਂ ਦਾ ਏਕਾ
ਮਾਸਖੋਰੀਆਂ ਗਿਰਝਾਂ, ਭੂੰਜੇ ਲਾਹ ਕੇ ਆਵਾਂਗੇ

ਹੁਣ ਅਪਣੀ ਭਾਸ਼ਾ ਵਿਚ, ਦੱਸਣਾ ਪੈਣਾ ਦੁਸ਼ਮਣ ਨੂੰ
ਹਰ ਹਾਲਤ ਵਿਚ ਉਸਦੀ, ਧੌਣ ਝੁਕਾ ਕੇ ਆਵਾਂਗੇ

ਗੂੰਜ ਰਿਹਾ ਏ ਕੰਵਰ ਨਗਾਰਾ, ਜਾਗ ਪਈ ਜਨਤਾ
ਠੱਲ ਅੱਜ ਮਾਰੂ ਤੂਫ਼ਾਨਾਂ ਨੂੰ, ਪਾ ਕੇ ਆਵਾਂਗੇ
■

# ਗ਼ਜ਼ਲ

ਝੁਕ ਜਾ ਜ਼ਾਲਿਮ ਨਾ ਝੁਕਿਆ ਪਛਤਾਏਂਗਾ
ਝੱਖੜ ਡਾਹਢਾ ਹੈ ਮੂਲੋਂ ਟੁਟ ਜਾਏਂਗਾ

ਹਿਟਲਰ ਸ਼ਾਹੀ ਬਹੁਤੀ ਦੇਰ ਨਹੀ ਚੱਲਣੀ
ਲਗਦਾ ਏ ਇਤਿਹਾਸ ਨੂੰ ਫਿਰ ਦੁਹਰਾਏਂਗਾ

ਲੋਕ ਤੁਫਾਨ ਉਮੜ ਪਿਆ ਸੜਕਾਂ ਉੱਤੇ ਹੁਣ
ਕਰ ਲੈ, ਤੂੰ ਲੱਖ ਹੀਲੇ ਬਚ ਨਾ ਪਾਏਂਗਾ

ਰੋਜ਼ ਬਦਲ ਕੇ ਅਉਨੈ ਆਪਣੇ ਵਸਤਰ ਤੂੰ
ਚਿਹਰੇ ਵਾਲੇ ਕਿੱਦਾਂ ਦਾਗ਼ ਮਿਟਾਏਂਗਾ

ਪਾਪ ਤੇਰੇ ਕੰਬਣਗੇ ਰੋਏਂਗਾ ਬਹਿਕੇ
ਨਜ਼ਰਾਂ ਜਦ ਤੂੰ ਆਪਣੇ ਨਾਲ ਮਿਲਾਏਂਗਾ

ਏਨੀ ਅੱਗ ਛੁਪੀ ਹੈ ਸਾਡੇ ਸੀਨੇ ਵਿਚ
ਛੂਹੇਂਗਾ ਤਾਂ ਪਲ਼ ਅੰਦਰ ਢਲ਼ ਜਾਏਂਗਾ

ਕਰਦੈਂ ਨਿਤ ਗੁਲਾਮੀ ਪੂੰਜੀ ਪਤੀਆਂ ਦੀ
ਚੌਂਕੀਦਾਰ ਨਹੀਂ ਤੂੰ ਠਗ ਅਖਵਾਏਂਗਾ

ਸਿਰ ਲੱਥਾਂ ਨੇ ਸਿਰ ਰੱਖੇ ਹਨ ਹੱਥਾਂ ਤੇ
ਤੂੰ ਦੱਸ ਕਿੱਦਾਂ ਇਹਨਾਂ ਦੀ ਥਹੁ ਪਾਏਂਗਾ

ਠੀਕ ਜਗ੍ਹਾ ਤੇ ਸਾਧ ਨਿਸ਼ਾਨਾ ਯਾਰ ਕੰਵਰ
ਕਦ ਤੱਕ ਉਲਟ ਦਿਸ਼ਾ ਵੱਲ ਤੀਰ ਚਲਾਏਂਗਾ
■

–ਕਮਲਜੀਤ ਕੰਵਰ
ਰੌਸ਼ਨ ਕਲਾ ਕੇਂਦਰ
ਪਿੰਡ ਗੱਜਰ, ਡਾਕਘਰ ਗੇਜੋ, ਤਹਿਸੀਲ ਗੜ੍ਹਸ਼ੰਕਰ
ਜ਼ਿਲਾ ਹੁਸ਼ਿਆਰਪੁਰ, ਪੰਜਾਬ, ਇੰਡੀਆ

ਸਮੂਹ ਗੀਤ :

# ਦੇਸ਼ ਦੇ ਕਿਸਾਨ



ਲਖਵਿੰਦਰ ਜੌਹਲ
ਇੰਡੀਆ

ਦੇਸ਼ ਦੇ ਕਿਸਾਨ
ਆ ਗਏ ਨੇ ਵਿੱਚ ਮੈਦਾਨ
ਡੌਲਿਆਂ 'ਚ ਜਾਨ ਲੈ ਕੇ
ਹੌਸਲੇ ਤੂਫ਼ਾਨ ਲੈ ਕੇ
ਸਿਰਾਂ ਉੱਤੇ ਕੱਫ਼ਣਾਂ ਦੇ – ਝੂਲਦੇ ਨਿਸ਼ਾਨ
ਦੇਸ਼ ਦੇ ਕਿਸਾਨ... ...

ਜੀਣ ਦਾ ਜਨੂੰਨ ਦੇਖੋ
ਖੌਲਦੇ ਨੇ ਖ਼ੂਨ ਦੇਖੋ
ਹਵਾ 'ਚ ਉਲਾਰ ਮੁੱਕੇ – ਛਾਤੀਆਂ ਨੂੰ ਤਾਣ
ਦੇਸ਼ ਦੇ ਕਿਸਾਨ ... ...

ਖ਼ਤਰੇ 'ਚ ਖੇਤ ਹੋਏ
ਖਾਲੀ ਜਦੋਂ ਪੇਟ ਹੋਏ
ਜਦੋਂ ਸਾਰੇ ਚਿਹਰਿਆਂ ਤੋਂ – ਉੱਡੀ ਮੁਸਕਾਨ
ਦੇਸ਼ ਦੇ ਕਿਸਾਨ ... ...

ਰੋਕਿਆਂ ਨਾ ਰੁਕੇ ਕੋਈ
ਨਾ ਝੁਕਾਇਆਂ ਝੁਕੇ ਕੋਈ
ਸ਼ਕਤੀ ਰੂਹਾਨੀ ਦੇਵੇ – ਵਿਰਸਾ ਮਹਾਨ
ਦੇਸ਼ ਦੇ ਕਿਸਾਨ ... ...

ਸਾਹਮਣੇ ਵੰਗਾਰ ਹੈ
ਸ਼ੂਕਦਾ ਹੰਕਾਰ ਹੈ
ਸਿੰਙ ਫਸੇ ਖੁੰਢੀਆਂ ਦੇ – ਪਿਆ ਘਮਸਾਨ
ਦੇਸ਼ ਦੇ ਕਿਸਾਨ ........

ਤੋੜਨੇ ਗਰੂਰ ਸਾਰੇ
ਦੁੱਖ ਹੋਣ ਦੂਰ ਸਾਰੇ
ਧਰਤੀ ਖੁਸ਼ਹਾਲ ਹੋਵੇ – ਖਿੜੇ ਅਸਮਾਨ
ਦੇਸ਼ ਦੇ ਕਿਸਾਨ.........
ਆ ਗਏ ਨੇ ਵਿੱਚ ਮੈਦਾਨ ■

# ਗ਼ਜ਼ਲ

ਉੱਜੜੇ ਖੇਤਾਂ 'ਚ ਦੀਵੇ ਬਾਲੀਏ
ਰਾਖ਼ ਸੁੱਚੀ ਕਿਰਤ ਦੀ ਸੰਭਾਲੀਏ

ਖ਼ੂਨ ਠੰਢਾ, ਸੋਚ ਖੰਡਰ ਹੋ ਗਈ
ਖੰਡਰਾਂ ਦੀ ਰੇਤ ਨੂੰ ਖੰਘਾਲੀਏ

ਸਾਂਭ ਸਕਣੇ ਖੇਤ ਮੁਸ਼ਕਿਲ ਹੋ ਗਏ
ਅਜ਼ਮਤਾਂ, ਖ਼ੁਦਦਾਰੀਆਂ, ਸੰਭਾਲੀਏ

ਖੇਤ ਵਿਚ ਬਲਦੀ ਪਰਾਲੀ ਹੋ ਦਿਸੇ
ਬੇਬਸੀ ਆਪਣੀ ਦੀ ਧੂਣੀ ਬਾਲੀਏ

ਰੋਲ ਦਿੱਤੀ ਪੱਗ, ਮਿੱਟੀ ਰੋਲ 'ਤੀ
ਇੱਜ਼ਤਾਂ ਦਾ ਭਰਮ ਐਵੇਂ ਪਾਲੀਏ

ਖੇਤ ਤੇਰੇ ਵਿਲਕਦੇ ਨੇ ਜ਼ਾਰ-ਜ਼ਾਰ
ਉੱਠ ਹੰਝੂ ਪੂੰਝੀਏ, ਸੰਭਾਲੀਏ
■

**-Dr. Lakhvinder Johal**
**Jalandhar, Pb, India**
**lakhvinderjohal@yahoo.com**



ਡਾ. ਗੁਰਮਿੰਦਰ ਸਿੱਧੂ
ਕੈਨੇਡਾ

# ਰਾਜਿਆ! ਰਾਜ ਕਰੇਂਦਿਆ!

ਰਾਜਿਆ! ਰਾਜ ਕਰੇਂਦਿਆ! ਕਦੀ ਪੁੱਛ ਸਾਡਾ ਵੀ ਹਾਲ
ਅਸੀਂ ਵੋਟਾਂ ਪਾ ਕੇ ਜ਼ਾਲਿਮਾਂ! ਤੈਨੂੰ ਦਿੱਤਾ ਤਖਤ ਬਿਠਾਲ

ਰਾਜਿਆ! ਰਾਜ ਕਰੇਂਦਿਆ! ਤੈਨੂੰ ਏਡਾ ਕੀ ਅਭਿਮਾਨ
ਅੰਨ ਖਾਂਦੈਂ ਤੇ ਫਿਰ ਕਰ ਰਿਹੈਂ, ਅੰਨਦਾਤਾ ਦਾ ਅਪਮਾਨ

ਰਾਜਿਆ! ਰਾਜ ਕਰੇਂਦਿਆ! ਤੈਨੂੰ ਰਾਜਾ ਕੌਣ ਕਹੇ?
ਤੇਰੇ ਬੂਹੇ ਅੱਗੇ ਕਿਸਾਨ ਨੇ, ਮੀਂਹ ਵਰ੍ਹਦੇ ਵਿੱਚ ਪਏ

ਰਾਜਿਆ! ਰਾਜ ਕਰੇਂਦਿਆ! ਤੇਰਾ ਕੇਡਾ ਪੱਥਰ ਚਿੱਤ!
ਪਰਜਾ ਦੇ ਵਗਦੇ ਲਹੂ 'ਚੋਂ, ਤੈਨੂੰ ਦਿਸਦੀ ਆਪਣੀ ਜਿੱਤ

ਰਾਜਿਆ! ਰਾਜ ਕਰੇਂਦਿਆ! ਉੱਠ ਗੂੜ੍ਹੀ ਨੀਂਦੋਂ ਜਾਗ
ਏਥੋਂ ਜਿੰਨੀਆਂ ਲਾਸ਼ਾਂ ਉਠਦੀਆਂ, ਤੇਰੇ ਮੱਥੇ ਉਨੇ ਦਾਗ

ਰਾਜਿਆ! ਰਾਜ ਕਰੇਂਦਿਆ! ਜ਼ਰਾ ਜੱਗ ਦੀ ਲੈ ਕਨਸੋਅ
ਅੱਜ ਤੱਕ ਕੇ ਹਾਲ ਕਿਸਾਨ ਦਾ, ਹਰ ਅੱਖ ਰਹੀ ਹੈ ਚੋਅ

ਰਾਜਿਆ! ਰਾਜ ਕਰੇਂਦਿਆ! ਇਉਂ ਪੁੱਠੇ ਲਿਖ ਨਾ ਲੇਖ
ਰੱਬ ਸੱਚਾ ਸਭ ਦਾ ਪਾਤਸ਼ਾਹ, ਤੇਰੀ ਲਿਖਤ ਰਿਹਾ ਹੈ ਦੇਖ!

■

(ਜਨਵਰੀ-2021)

# ਲਹੂ ਨੂੰ ਬਾਲ ਲੈਣਾ......

ਲਹੂ ਨੂੰ ਬਾਲ ਲੈਣਾ , ਅਣਖ ਦੀ ਧੂਣੀ ਮਘਾ ਲੈਣਾ
ਤੇ ਜ਼ੁਲਮੀ ਰਾਤ ਵਿੱਚ ਕੋਈ ਯੋਧਿਆਂ ਦੀ ਵਾਰ ਗਾ ਲੈਣਾ

ਦੁੱਖਾਂ ਦੇ ਦਾਗ ਧੋ ਲੈਣਾ , ਜ਼ਖ਼ਮਾਂ ਨੂੰ ਸਿਉਂ ਲੈਣਾ
ਤੇ ਹੰਭਲਾ ਮਾਰ ਕੇ ਸੱਚ ਨੂੰ ਬਨੇਰੇ 'ਤੇ ਬਿਠਾ ਦੇਣਾ

ਉਲਾਂਭੇ ਦੇਣ ਨਾ ਨਸਲਾਂ , ਰੋਂਦੀਆਂ ਰਹਿਣ ਨਾ ਫ਼ਸਲਾਂ
ਅਨਾੜੀ ਹੱਥਾਂ ਦੇ ਵਿੱਚ ਹੱਕ ਆਪਣੇ ਨਾ ਫੜਾ ਦੇਣਾ

ਕੱਢਣਾ ਚੀਕ-ਬੁਲਬੁਲੀ ਘੁੱਟੇ ਜਾ ਰਹੇ ਗਲ਼ 'ਚੋਂ
ਤੇ ਬਿਜਲੀ ਵਰਗੀ ਕੋਈ ਗਰਜ ਹਾਕਮ ਨੂੰ ਸੁਣਾ ਦੇਣਾ

ਤੁਸੀਂ ਗੋਬਿੰਦ ਦੇ ਸਿੰਘ ਹੋ , ਜਿਹੜਾ ਨਾ ਡੋਲਿਆ ਮੂਲੋਂ
ਨਾ ਏਦਾਂ ਮੌਤ ਦੀ ਡੱਬੀ 'ਚ ਆਪਣੇ ਸਾਹ ਟਿਕਾ ਦੇਣਾ

ਅਸੀਂ ਆਪਣੀ ਹੀ ਡੁਲ੍ਹੀ ਰੱਤ 'ਚੋਂ ਹਰ ਵਾਰ ਉਗਦੇ ਹਾਂ
ਇਹ ਤਲਵਾਰ ਨੂੰ ਕਹਿਣਾ ਤੇ ਥੋੜ੍ਹਾ ਮੁਸਕੁਰਾ ਦੇਣਾ

ਝੁਕੇਗਾ ਜ਼ੁਲਮ ਵੀ, ਜ਼ਿਦ ਵੀ, ਝੁਕੂ ਹੰਕਾਰ, ਹਉਮੈਂ ਵੀ
ਤੁਸੀਂ ਜਾਬਰ ਨੂੰ ਮਘਦੇ ਸਬਰ ਦਾ ਜਲਵਾ ਦਿਖਾ ਦੇਣਾ

ਤੁਹਾਡੇ ਵੱਲ ਲੱਗੀਆਂ ਨੇ, ਕੁੱਲ ਦੁਨੀਆਂ ਦੀਆਂ ਅੱਖਾਂ
ਏਦਾਂ ਜਿੱਤੀਦਾ ਹੁੰਦੈ , ਜ਼ਮਾਨੇ ਨੂੰ ਦਿਖਾ ਦੇਣਾ।
■

(26 ਸਤੰਬਰ 2021)

# ਸਿਦਕਾਂ ਦੇ ਖੇਤ ’ਚੋਂ

ਤੁਸੀਂ ਜਦੋਂ ਵੀ ਸਾਡੇ ਅੱਗੇ ਹਨ੍ਹੇਰਿਆਂ ਦੀ ਬਾਤ ਪਾਈ ਹੈ
ਅਸੀਂ ਆਪਣੀਆਂ ਵਲੂੰਧਰੀਆਂ ਪਲਕਾਂ ਉਤੇ

ਸਿਦਕਾਂ ਦਾ ਦੀਵਾ ਟਿਕਾ ਲਿਆ ਹੈ
ਤੇ ਉਹਦੀ ਲਾਟ ਉਤੇ ਹਥੇਲੀ ਧਰ ਕੇ

ਹਰ ਹਨ੍ਹੇਰੇ ਨੂੰ ਚੀਰ ਜਾਣ ਦੀ ਸਹੁੰ ਖਾ ਲਈ ਹੈ
ਤੁਸੀਂ ਜਦੋਂ ਵੀ ਸਾਡੇ ਉੱਭੜ-ਖੁਭੜੇ ਪੈਂਡਿਆਂ ਵਿੱਚ

ਮੁਸ਼ਕਿਲਾਂ ਦੇ ਅੰਨ੍ਹੇ ਬੋਲ਼ੇ ਖੂਹ ਪੁੱਟੇ ਨੇ
ਅਸੀਂ ਆਪਣੇ ਸਿਰੜੀ ਪੈਰਾਂ ਵਿੱਚ

ਦਲੇਰੀਆਂ ਦਾ ਜਾਦੂ ਭਰ ਲਿਆ ਹੈ
ਤੇ ਤੁਹਾਡੇ ਵੇਂਹਦਿਆਂ ਵੇਂਹਦਿਆਂ

ਹਰ ਖੂਹ ਨੂੰ ਛ਼ਲਾਂਗ ਮਾਰ ਕੇ ਟੱਪ ਗਏ ਹਾਂ
ਤੁਸੀਂ ਜਦੋਂ ਵੀ ਸਾਨੂੰ ਅਪਾਹਜ ਕਰਨ ਲਈ

ਦੋ-ਧਾਰੀ ਤਲਵਾਰ ਉਠਾਈ ਹੈ
ਅਸੀਂ ਆਪਣੇ ਜਿਸਮ ਉੱਪਰ

ਅਟੁੱਟ ਪਾਰਦਰਸ਼ੀ ਸ਼ੀਸ਼ਾ ਉਗਾ ਲਿਆ ਹੈ
ਤੇ ਉਪਰੋਂ ਜ਼ਖ਼ਮੋ-ਜ਼ਖ਼ਮੀ ਹੋ ਕੇ ਵੀ

ਅੰਦਰੋਂ ਸਾਬਤ-ਸਬੂਤੇ ਰਹਿ ਗਏ ਹਾਂ
ਤੁਸੀਂ ਜਦੋਂ ਵੀ ਸਾਡਾ ਖੁਰਾ ਖੋਜ ਮਿਟਾਉਣ ਲਈ

ਹਵਾ ਵਿੱਚ ਜ਼ਹਿਰ ਘੋਲਿਆ ਹੈ
ਅਸੀਂ ਆਪਣੀ ਸਾਹ ਲੈਣ ਵਾਲੀ ਨਾਲੀ ਉੱਤੇ

ਇਕ ਸ਼ਬਦ 'ਜ਼ਿੰਦਗੀ' ਲਿਖ ਦਿੱਤਾ ਹੈ
ਤੇ ਜ਼ਹਿਰੀਲੀ ਹਵਾ ਸ਼ਰਮ ਨਾਲ ਪਾਣੀ ਪਾਣੀ ਹੋ ਕੇ

ਵਾਪਿਸ ਪਰਤ ਗਈ ਹੈ
ਤੇ ਅਸੀਂ ਅੱਜ ਵੀ ਸਿਦਕਾਂ ਦੇ ਖੇਤ 'ਚੋਂ

ਬੋਲ ਰਹੇ ਹਾਂ
ਗੱਜ ਵੱਜ ਕੇ ਬੋਲ ਰਹੇ ਹਾਂ
■

**-Dr. Gurminder Sidhu**
**Surrey, B.C., Canada**
**gurmindersidhu13@gmail.com**

# ਬਗ਼ਾਵਤ ਦੇ ਆਸਾਰ



ਭੂਪਿੰਦਰ ਸੱਗੂ
ਯੂ.ਕੇ.

ਇਹ ਜੋ ਬੈਠੇ ਨੇ ਰਾਹਾਂ 'ਚ ਹੱਕਾਂ ਲਈ
ਜ਼ੁਲਮ ਅੱਗੇ ਕਦੀ ਇਹਨਾਂ ਝੁਕਣਾ ਨਹੀਂ
ਲਾਠੀਆਂ-ਗੋਲੀਆਂ ਦਾ ਡਰਾਵਾ ਨਾ ਦੇ
ਇਹ ਨਸ਼ਾ ਜਲਦ ਤੇਰਾ ਉਤਰ ਜਾਏਗਾ

ਜਾਨ ਦਿੱਤੀ ਜਿਨ੍ਹਾਂ ਹੋਰਨਾਂ ਵਾਸਤੇ
ਲੋਕ ਮਰ ਕੇ ਉਹ ਜਗ ਵਿੱਚ ਅਮਰ ਹੋ ਗਏ
ਕਾਫ਼ਿਲਾ ਇੰਝ ਜਾਣਾ ਨਹੀਂ ਪਰਤ ਕੇ
ਜਿੱਤ ਕਰਕੇ ਪ੍ਰਾਪਤ ਹੀ ਘਰ ਜਾਏਗਾ

ਉਹਦੀ ਆਵਾਜ਼ ਅੰਦਰ ਹੈ ਹਾਉਮੇ ਅਜੇ
ਉਹਦੀ ਫ਼ਿਤਰਤ ਗ਼ਰੀਬਾਂ ਨੂੰ ਲੁੱਟਣ ਦੀ ਹੈ
ਵਕਤ ਦਿੱਤਾ ਬੜਾ ਨਾਸਮਝ ਲਓ ਅਸੀਂ
ਉਹ ਬਚੇਗਾ ਤਾਂ, ਜੇਕਰ ਸੁਧਰ ਜਾਏਗਾ

ਜਿੱਤ ਸਾਡੀ ਦਾ ਨਾਹਰਾ ਬੁਲੰਦ ਹੋ ਗਿਆ
ਸੱਚ ਜਿੱਤੇਗਾ ਆਖ਼ਰ ਹਕੀਕਤ ਹੈ ਇਹ
ਉਮਰ ਬੀਤੇਗੀ ਤੇਰੀ ਬੜੀ ਹੀ ਕਠਨ
ਵਕਤ ਸਾਡਾ ਤਾਂ ਫਿਰ ਵੀ ਗੁਜ਼ਰ ਜਾਏਗਾ

ਆਖਦੈ ਤੈਨੂੰ "ਸੱਗੂ" ਨਾ ਮਗਰੂਰ ਹੋ
ਲੈਣ ਆਏ ਨਿਆਂ ਨੇ ਜੋ ਉਹਨਾਂ ਨੂੰ ਸੁਣ
ਜੇ ਨਾ ਸੁਣਿਆਂ ਬਗ਼ਾਵਤ ਦੇ ਆਸਾਰ ਨੇ
ਇਹ ਵਤਨ ਦਾ ਸ਼ਿਰਾਜਾ ਬਿਖ਼ਰ ਜਾਏਗਾ
■

ਭੂਪਿੰਦਰ ਸੱਗੂ, ਵੁਲਵਰਹੈਂਪਟਨ ( ਯੂ.ਕੇ. )

# ਲਹਿ ਗਈ

ਜੋ ਚੜ੍ਹੀ ਹੋਈ ਸੀ ਗੁੱਡੀ ਲਹਿ ਗਈ
ਰੇਤ ਦੀ ਦੀਵਾਰ ਸੀ ਜੋ ਢਹਿ ਗਈ

ਕੂੜ ਦਾ ਪਰਚਾਰ ਜੰਮਣ ਨਫ਼ਰਤਾਂ
ਜ਼ਿੰਦਗਾਨੀ ਮਾਰ ਖਾ ਕੇ ਬਹਿ ਗਈ

ਜ਼ੁਲਮ ਆਕੀ ਨੇ ਬਥੇਰਾ ਕਰ ਲਿਐ
ਢਾਲ਼ ਫ਼ੌਲਾਦੀ ਸਿਤਮ ਸਭ ਸਹਿ ਗਈ

ਨ੍ਹੇਰ ਪਿੰਡਾਂ ਦੀ ਜਵਾਨੀ ਖਾ ਗਿਆ
ਸ਼ਹਿਰ ਦੀ ਹਰ ਸੜਕ ਤਨਹਾ ਰਹਿ ਗਈ

ਚੰਨ ਪੂਨਮ ਦਾ ਚੜ੍ਹੇਗਾ ਫੇਰ ਤੋਂ
ਨ੍ਹੇਰ ਦੀ ਚਾਦਰ ਫ਼ਰੇਬੀ ਲਹਿ ਗਈ

ਮੋਹ ਅਸਾਡਾ ਲੂਣ ਵਾਂਗੂੰ ਖੁਰ ਗਿਐ
ਗੱਲ ਸਦੀ ਸੀ ਜਾਣ ਲੱਗੀ ਕਹਿ ਗਈ

ਅਦਲ ਅੰਨ੍ਹਾਂ ਰਾਜਨੀਤੀ ਖੇਡਦਾ
ਓਸ ਦੀ ''ਸੱਗੂ'' ਚਲਾਕੀ ਵਹਿ ਗਈ
■

-**Bhupinder Sagoo**
**Wolverhampton, U.K.**
**bssagoo1@googlemail.com**



ਨਿਰਮਲਾ ਗਰਗ
ਇੰਡੀਆ

# ਕਿਸਾਨੀ ਅੰਦੋਲਨ

ਕਿਸਾਨ ਦਿੱਲੀ ਦੀ ਏ ਹਿੱਕ ਉੱਤੇ ਬੁੱਕਣੇ
ਸਾਡੇ ਜੌਹਨਡੀਅਰ ਰੋਕਿਆਂ ਨੀ ਰੁੱਕਣੇ
ਅਸੀਂ ਆਪਣੇ ਇਰਾਦੇ ਪੂਰ ਕਰਨੇ, ਨਾ ਤੇਰਿਆਂ ਮਿਟਾਇਆਂ ਮਿਟਾਂਗੇ
ਆਉਣ ਵਾਲੀ ਛੱਬੀ ਏ ਤਾਰੀਖ ਨੂੰ, ਅਸੀਂ ਇਤਿਹਾਸ ਲਿਖਾਂਗੇ

ਵਰ੍ਹਿਆਂ ਦੇ ਪਿੱਛੋਂ ਏ ਪੰਜਾਬ ਹੁਣ ਉੱਠਿਆ
ਬੜਾ ਤੁਸੀਂ ਚਾਹਿਆ, ਨਾ ਇਰਾਦਾ ਪਰ ਟੁੱਟਿਆ
ਥੋਡਾ ਵਹਿਮ ਹੀ ਹੈ ਥੋਨੂੰ ਲੈ ਕੇ ਬਹਿ ਗਿਆ, ਜਬਰ ਮੂਹਰੇ ਕਿੱਥੇ ਟਿਕਾਂਗੇ
ਆਉਣ ਵਾਲੀ...........

ਅੰਦੋਲਨ ‘ਚ ਆਏ ਹਰ ਇੱਕ ਨੂੰ ਸਲਾਮ ਹੈ
ਮੂੜ ਦੇਸ਼ ਨੇ ਨਾ ਤਾਨਾਸ਼ਾਹ ਨੂੰ ਕਰਨਾ ਕਲਾਮ ਹੈ
ਬੰਨ ਕੇਸਰੀ ਨਿਸ਼ਾਨ ਸਾਰੇ ਸਿਰਾਂ ਤੇ, ਤੈਨੂੰ ਹਰ ਪਾਸੇ ਦਿਖਾਂਗੇ
ਆਉਣ ਵਾਲੀ..........

ਪਿੰਡਾਂ ਸ਼ਹਿਰਾਂ ਵਿੱਚ ਸਾਰੇ ਹੋ ਗਈਆਂ ਤਿਆਰੀਆਂ
ਫਸਲਾਂ ਦੇ ਨਾਲ ਸਾਨੂੰ ਨਸਲਾਂ ਪਿਆਰੀਆਂ
ਨਿਰਮਲ ਆਪਣਾ ਵਜੂਦ ਜਿਉਂਦਾ ਰੱਖਣਾ, ਅਗਲੇ ਨਿਸ਼ਾਨੇ ਮਿਥਾਂਗੇ
ਆਉਣ ਵਾਲੀ...........
■

# ਕਿਸਾਨਾਂ ਦੀ ਜਿੱਤ

ਘਰੋਂ ਚੱਲੇ ਸੀ ਨਿਸ਼ਾਨੇ ਜਿਹੜੇ ਮਿੱਥ ਕੇ
ਪਹਿਰਾ ਦਿੰਦੇ ਰਹੇ ਉਹਨਾਂ ਉੱਤੇ ਨਿੱਠ ਕੇ
ਭਾਵੇਂ ਰਹਿਗੀ ਸਰਕਾਰ ਸਾਡੀ ਪਿੱਟ ਕੇ
ਨੀਂਦ  ਉਡਾਤੀ ਦਿੱਲੀ ਦੀ
ਜਿੱਤ ਮੋਰਚਾ ਕਿਸਾਨ ਵੀਰ ਆ ਗਏ
ਭੂਤਨੀ ਭੁਲਾਤੀ ਦਿੱਲੀ ਦੀ

ਦਿਨ ਚੰਗੇ ਮਾੜੇ ਹੱਸ ਕੇ ਲੰਘਾਏ ਨੇ
ਮਾਂਵਾਂ ਭੈਣਾਂ ਨੇ ਵੀ ਹੌਸਲੇ ਨਾ ਢਾਹੇ ਨੇ
ਉਥੇ ਜਾ ਕੇ ਉਹਨਾਂ ਲੰਗਰ ਵੀ ਲਾਏ ਨੇ
ਜਨਤਾ ਰਜਾਤੀ ਦਿੱਲੀ ਦੀ
ਜਿੱਤ ਮੋਰਚਾ ਕਿਸਾਨ,,,,,,,,,,,

ਅਸੀਂ ਰੋਏ ਜੋ ਸ਼ਹੀਦੀਆਂ ਨੇ ਪਾ ਗਏ
ਕੰਧ ਜਬਰ ਜੁਲਮ ਦੀ ਉਹ ਢਾਹ ਗਏ
ਤਾਨਾਸ਼ਾਹੀ ਨੂੰ ਨੇ ਸਬਕ ਸਿਖਾ ਗਏ
ਆਕੜ ਮਿਟਾਤੀ ਦਿੱਲੀ ਦੀ
ਜਿੱਤ ਮੋਰਚਾ ਕਿਸਾਨ,,,,,,,,,,,,

ਲਿਖਿਆ ਜਾਊ ਇਹ ਵਿੱਚ ਇਤਿਹਾਸ ਜੀ
ਕਿਸਾਨ ਅੰਦੋਲਨ ਇਹ ਸਾਡਾ ਬੜਾ ਖਾਸ ਜੀ
ਗਰਗ ਨਿਰਮਲ ਵੀ ਕਰੇ ਅਰਦਾਸ ਜੀ
ਗਰਦਨ ਝੁਕਾਤੀ ਦਿੱਲੀ ਦੀ
ਜਿੱਤ ਮੋਰਚਾ ਕਿਸਾਨ,,,,,,,,,,,,
ਜਿੱਤ ਮੋਰਚਾ ਕਿਸਾਨ,,,,,,,,,,
■

**-Nirmala Garg**
**Patiala, Pb., India**
**98031-08966**

# ਜੰਗ



ਬਲਬੀਰ ਕੌਰ ਰਾਏਕੋਟੀ
ਇੰਡੀਆ

ਇਹ ਜੰਗ ਨਹੀਂ ਫੁਕਰੇ ਜੱਟਾਂ ਦੀ
ਨਾ ਚਮਚਿਆਂ, ਕੌਲੀ ਚੱਟਾਂ ਦੀ
ਨਾ ਵਿਹਲੜ, ਟੁੱਕੜ-ਬੋਚਾਂ ਦੀ
ਨਾ ਖ਼ੂਨ ਪੀਣੀਆਂ ਜੋਕਾਂ ਦੀ
ਇਹ  ਜੰਗ ਨਹੀਂ ਸ਼ੈਤਾਨਾਂ ਦੀ
ਇਹ ਜੰਗ ਮਜ਼ਦੂਰ ਕਿਸਾਨਾਂ ਦੀ

ਜੰਗ ਨਹੀਂ ਸਿਆਸੀ ਲੀਡਰਾਂ ਦੀ
ਇਹ ਜੰਗ ਹੈ ਪਾਸ਼, ਉਦਾਸੀ ਦੀ
ਨਾ ਲੱਚਰ-ਗਾਇਕ ਨਚਾਰਾਂ ਦੀ
ਇਹ ਜੰਗ ਹੈ ਸਾਹਿਤਕਾਰਾਂ  ਦੀ
ਜੰਗ ਸਭ ਚਿੰਤਕ ਵਿਦਵਾਨਾਂ ਦੀ
ਇਹ ਜੰਗ ਮਜ਼ਦੂਰ ਕਿਸਾਨਾਂ ਦੀ

ਜੋ ਹੱਕ ਭਾਲਣ, ਮਜ਼ਦੂਰਾਂ ਦੀ
ਹੈ ਆੜ੍ਹਤੀਆਂ ਵਪਾਰੀਆਂ ਦੀ
ਇਹ ਜੰਗ ਹੈ ਸੋਚ ਸ਼ਹੀਦਾਂ ਦੀ
ਇਹ ਗੁਰੂ ਪਿਆਰੇ ਮੁਰੀਦਾਂ ਦੀ
ਗੁਰ ਸਾਹਿਬਾਂ ਦੇ ਫੁਰਮਾਨਾਂ ਦੀ
ਇਹ ਜੰਗ ਮਜ਼ਦੂਰ ਕਿਸਾਨਾਂ ਦੀ

ਇਹ ਜੰਗ ਹੈ ਸੁੱਚੀਆਂ ਪਿਰਤਾਂ ਦੀ
ਖ਼ੂਨ ਪਸੀਨੇ ਦੀਆਂ ਕਿਰਤਾਂ ਦੀ
ਇਹ ਜੰਗ ਹੈ ਕਿਰਤ 'ਚ ਸੋਧਾਂ ਦੀ
ਮਾਰੂ ਆਰਡੀਨੈਂਸ' ਵਿਰੋਧਾਂ ਦੀ
ਰਾਏਕੋਟੀ ਕਿਰਤੀ ਦੇ ਅਰਮਾਨਾਂ ਦੀ
ਇਹ ਜੰਗ ਮਜ਼ਦੂਰ ਕਿਸਾਨਾਂ ਦੀ
■

# ਯੁੱਗ ਪਲਟਾਊ ਯੋਧੇ

ਜਿੰਨ੍ਹਾਂ ਸੂਰਮਿਆਂ ਯਾਰੋ ਜੁਗ ਪਲਟਾਉਣੇ ਹੁੰਦੇ ਨੇ
ਵਾਰ ਕੇ ਆਪਣੇ ਸਿਰ ਇਤਿਹਾਸ ਰਚਾਉਣੇ ਹੁੰਦੇ ਨੇ
ਉਹਨਾਂ ਸੂਰਮਿਆਂ ਦੀਆਂ ਹੀ ਲੋਕੀਂ ਵਾਰਾਂ ਗਾਉਂਦੇ ਨੇ
ਵਿਰਲੇ ਬੰਦੇ ਹੁੰਦੇ ਜਿਹੜੇ ਜੁਗ ਪਲਟਾਉਂਦੇ ਨੇ

ਜ਼ੁਲਮ ਨੂੰ ਰੋਕਣ ਲਈ ਨੱਚਣ ਖੰਡੇ ਦੀਆਂ ਧਾਰਾਂ 'ਤੇ
'ਕੱਲੇ ਭਾਰੂ ਪੈ ਜਾਂਦੇ ਨੇ ਲੱਖ ਹਜ਼ਾਰਾਂ 'ਤੇ
ਵੈਰੀ ਨੂੰ ਉਹ ਲੋਹੇ ਦੇ ਫਿਰ ਚਨੇ ਚਬਾਉਂਦੇ ਨੇ
ਵਿਰਲੇ ਬੰਦੇ ਹੁੰਦੇ ਜਿਹੜੇ ਜੁਗ ਪਲਟਾਉਂਦੇ ਨੇ

ਛਾਤੀਆਂ ਡਾਹ ਕੇ ਖੜ੍ਹ ਜਾਵਣ ਮੂਹਰੇ ਤੂਫ਼ਾਨਾਂ ਦੇ
ਮੱਥੇ ਲਾ ਲੈਂਦੇ ਨੇ ਉਹ ਤਾਂ ਨਾਲ ਚਟਾਨਾਂ ਦੇ
ਸਵਾ ਲੱਖ ਵੈਰੀ ਨਾਲ ਕੱਲੇ ਤਾਈਂ ਲੜਾਉਂਦੇ ਨੇ
ਵਿਰਲੇ ਬੰਦੇ ਹੁੰਦੇ ਜਿਹੜੇ ਜੁਗ ਪਲਟਾਉਂਦੇ ਨੇ

ਫਾਂਸੀ ਵਾਲੇ ਰੱਸੇ ਚੁੰਮ ਕੇ ਗਲ਼ ਵਿਚ ਪਾ ਲੈਂਦੇ
ਦੁਨੀਆਂ ਦੇਖ ਕੇ ਕੰਬਦੀ ਤਲ਼ੀ 'ਤੇ ਸੀਸ ਟਿਕਾ ਲੈਂਦੇ
ਸਿਦਕ ਦੀ ਖ਼ਾਤਿਰ ਯੋਧੇ ਬੰਦ-ਬੰਦ ਕਟਵਾਉਂਦੇ ਨੇ
ਵਿਰਲੇ ਬੰਦੇ ਹੁੰਦੇ ਜਿਹੜੇ ਜੁਗ ਪਲਟਾਉਂਦੇ ਨੇ

ਯੁੱਗ ਪਲਟਾਊ ਯੋਧਿਆਂ ਨੂੰ ਫੇਰ ਸੀਸ ਝੁਕਾਉਂਦੀ ਹੈ
ਬਲਬੀਰ ਕੌਰ ਰਾਏਕੋਟੀ ਤਾਂ ਹੀ ਗੀਤ ਬਣਾਉਂਦੀ ਹੈ
ਮੈਂ ਬਲਿਹਾਰੇ ਉਹਨਾਂ ਤੋਂ ਮਰਕੇ ਜੋ ਅਮਰ ਕਹਾਉਂਦੇ ਨੇ
ਵਿਰਲੇ ਬੰਦੇ ਹੁੰਦੇ ਜਿਹੜੇ ਜੁਗ ਪਲਟਾਉਂਦੇ ਨੇ
■

**-Balbir Kaur Raikoti**
**Pb., India**
**98144-12610**

# ਹੁਣ ਮੈਂ ਇਕੱਲਾ ਨਹੀਂ



ਵਿਸ਼ਾਲ
ਇੰਡੀਆ

ਹੁਣ ਮੈਂ ਇਕੱਲਾ ਨਹੀਂ..
ਅਸੀਂ ਸਾਰੇ ਘਰੋਂ ਨਿਕਲ ਆਏ ਹਾਂ ..
ਇਹ ਇਸ਼ਕ ਦੀ ਨਹੀਂ ਖ਼ੂਨ ਦੀ ਗਲੀ ਹੈ
ਤੇ ਅਸੀਂ ਪੇਟ ਦੇ ਭਾਰ ਤੁਰ ਰਹੇ ਹਾਂ..
ਵੇਖ ਮੇਰੇ ਪਿੱਛੇ ਕਿੰਨੇ ਲੋਕ ਨੇ..
ਤੇ ਪਿੱਛੇ ਇੱਕ ਤੂਫ਼ਾਨ..
ਸਾਡੇ ਮੋਢਿਆ 'ਤੇ ਸਦੀਆ ਦਾ ਜੋ ਭਾਰ ਹੈ
ਉਤਾਰਨ ਆਏ ਹਾਂ... ਨਿਕਲ ਆਏ ਹਾਂ ਅਸੀਂ
ਇਹ ਸਾਡੇ ਸਿਰ ਨਹੀਂ.. ਪੱਥਰ ਹਨ..
ਪੱਥਰਾਂ ਚ ਅੱਗ ਹੈ.. ਅੱਗ 'ਚ ਤੱਪਦਾ ਲੋਹਾ..
ਲੋਹੇ ਚ ਮੱਘਦਾ ਵਿਚਾਰ.. ਵਿਚਾਰ ਕੋਲ ਹੋਸ਼ ਹੈ
ਹੋਸ਼ ਵਿੱਚ.. ਜੋਸ਼ ਹੈ..
ਸਾਡੀ ਟੱਕਰ ਨੇ ਹਿਲਾ ਦੇਣੀ ਤੇਰੀ ਜੜ੍ਹ..
ਤੇ ਕੈਲੰਡਰ ਤੋਂ ਬਾਹਰ ਪਈ ਤਾਰੀਖ..
ਨਵਾਂ ਇਤਿਹਾਸ ਸਿਰਜੇਗੀ.. ਨਵਾਂ ਸੂਰਜ ਚੜ੍ਹੇਗਾ
ਸੁਪਨਿਆਂ ਵਾਲੀਆਂ ਰਾਤਾਂ ਦੀ ਬਲੀ ਦੇਣ ਵਾਸਤੇ
ਅਸੀਂ ਘਰੋਂ ਨਿਕਲ ਆਏ ਹਾਂ
ਹੁਣ ਅਸੀਂ ਆ ਗਏ ਹਾਂ.. ਵੇਖ ਕਿ ਅਸੀਂ ਆ ਗਏ ਹਾਂ
ਤੈਨੂੰ ਦਿੱਸਦਾ ਕਿਓਂ ਨਹੀਂ..
ਕਿ ਅਸੀਂ ਆ ਗਏ ਹਾਂ ..ਤੈਨੂੰ ਦੱਸਣਾ ਹੈ ਹੁਣ
.....ਕਿ ਸਾਡੀਆਂ ਕਲਮਾਂ 'ਤੇ ਸਾਡੇ ਸਿਰ ਨੇ..
ਸਿਰਾਂ 'ਤੇ.. ਕਲਮਾਂ.. ਸਾਡੇ ਨਾਲ ਸਾਡੀਆਂ ਕਵਿਤਾਵਾਂ ਨੇ..
ਵੇਖ.. ਸਾਡੇ ਲਹੂ ਨਾਲ ਲਿੱਬੜੇ ਪੈਰ ਵੇਖ ..
ਗਲੀਆਂ 'ਚ ਜੋ ਲਹੂ ਦੇ ਧੱਬੇ ਨੇ..
ਇਹ ਸਾਡੇ ਪੁਰਖਿਆਂ ਦੇ ਨੇ....
ਸਾਡੀ ਆਤਮਾ 'ਚੋ ਚੋਏ ਲਹੂ ਨਾਲ ਮਿਲਦੇ ਧੱਬੇ...
ਉਹ ਲਹੂ ਦੇ ਧੱਬੇ ਵੀ ਨਾਲ ਤੁਰ ਪਏ ਸਾਡੇ..
ਅਸੀਂ ਆਪਣੇ ਪੁਰਖਿਆ ਦੀਆਂ ਦੇਹਾਂ
'ਚੋਂ ਉੱਠ ਆਏ ਹਾਂ... ਅਸੀਂ ਜਿੱਤਣ ਨਹੀਂ..
ਤੈਨੂੰ ਤੋੜਣ ਆਏ ਹਾਂ.. ਹਰਾਉਣ ਆਏ ਹਾਂ..
ਤੇਰਾ.. ਤਾਜ.. ਤੱਖਤ ਡੇਗਣ ਆਏ ਹਾਂ..

ਫ਼ੈਜ ਅਹਿਮਦ ਫ਼ੈਜ ਦੀ ਕਵਿਤਾ ਨਾਲ ਲੈ ਕੇ ਆਏ ਹਾਂ..

ਅਸੀਂ ਆਪਣੀ ਮਿੱਟੀ ਦੀ ਤੌਹੀਨ ਨਹੀਂ ਹੋਣ ਦੇਣੀ..
ਮੇਰੇ ਪਿੱਛੇ ਖੜਾ ਬੰਦਾ ਵੀ ਇਹੋ ਸੋਚਦਾ ਹੈ..
ਉਸ ਦੇ ਪਿੱਛੇ ਖੜਾ ਬੰਦਾ ਵੀ ਉਹੀ..
ਤੇ ਅਖੀਰ ਤੱਕ.. ਸਾਰੇ ਇਹੋ ਸੋਚਦੇ ਹਨ ..
ਇਹ ਯੁੱਧ ਵੰਡਣ.. ਇਹ ਯੁੱਧ ਲੜਣ..
ਅਸੀਂ ਘਰੋਂ ਨਿਕਲ ਆਏ ਹਾਂ...
ਇਹ ਖ਼ੂਨ ਦੀ ਗਲੀ ਹੈ...
ਅਸੀਂ ਪੇਟ ਦੇ  ਭਾਰ ਤੁਰ ਰਹੇ ਹਾਂ...
■

# ਜ਼ਖਮਾਂ ਦੀ ਦਾਸਤਾਨ

ਸਿਸਕਦੇ ਤੇ ਅੱਧਮੋਏ ਬੀਤੇ ਸਾਲ ਦੇ ਜਖ਼ਮ
ਅਸੀਂ ਧੁਆਖੇ ਤੇ ਜਾਗਦੇ ਮੱਥਿਆ 'ਚ. ਰੱਖ ਕੇ
ਨਵੇਂ ਵਰ੍ਹੇ ਚ ਪਰਵੇਸ਼ ਹੋਏ ਹਾਂ...
ਬੀਤਿਆ ਵਰਾ ਸਾਡੇ ਯਤੀਮ ਹੋਏ ਸੂਰਜ ਦਾ ਦੁੱਖ ਹੈ..
ਬੀਤੇ ਸਾਲ ਦੇ ਕੈਲੰਡਰ 'ਚ..
ਠੰਢੀਆਂ ਕਬਰਾਂ 'ਚ.. ਚਿਣੀਆਂ ਗਈਆਂ ਅੱਖਾਂ ਦੇ ਜਖ਼ਮ ਨੇ..

ਮੇਰੇ ਰੱਬ ਜੀ.. ਤੇਰੇ ਜਾਹਿਲ ਹੋਏ ਬੰਦੇ ਨੇ
ਗੱਤੇ ਦੀ ਤਲਵਾਰ ਨਾਲ ਐਸਾ ਗਤਕਾ ਖੇਡਿਆ..
ਤੇ ਅਸੀਂ ਉਸ ਨੂੰ ਬਾਲ ਸਮਝ ਕੇ ਆਪਣੀ
ਮਿੱਟੀ ਨਾਲ ਖੇਡਣ ਦਿੱਤਾ..
ਪਰ ਉਹ ਸਾਡੀ ਜਮੀਰ ਤੇ ਜ਼ਮੀਨ ਦਾ ਕੱਦ ਨਾਪਦਾ ਰਿਹਾ
ਸਾਡੀਆਂ ਬਾਹਵਾਂ ਨਾਲ ਆਪਣਾ ਤਖਤ ਮਿਣਦਾ ਰਿਹਾ

ਮੇਰੇ ਅੱਲ੍ਹਾ.. ਤੇਰੇ ਬੰਦੇ ਨੇ
ਬੀਤੇ ਸਾਲ 'ਚ.. ਸਾਡੀਆਂ ਧੀਆਂ ਦੀਆਂ ਚੁੰਨੀਆਂ ਨਾਲ
ਬੱਝੇ ਤਾਰੇ ਖਿਲਾਰ ਕੇ..
ਓਥੇ ਮਰੀਆਂ ਹੋਈਆਂ ਅੱਖਾਂ ਬੰਨ ਦਿੱਤੀਆਂ..
ਤੇ ਕੰਜਕਾਂ ਦੇ ਪਿੰਡਿਆਂ 'ਤੇ ਪਏ ਨੀਲ ਨਾਲ
ਅਰਦਾਸ ਟੁੱਟੀ ਤੇ ਅਜਾਨ ਵੀ ਉੱਖੜੀ..
ਤੇਰੇ ਬੰਦੇ ਨੇ ਸਾਡੇ ਹੱਥਾਂ 'ਚੋਂ..
ਗ੍ਰੰਥ ਤੇ ਸੰਖ ਖੋਹ ਕੇ ਗਲੀਆਂ 'ਚ ਖਿਲਾਰ ਦਿੱਤੇ..
ਹਰੀਆਂ ਭਰੀਆਂ ਵਾਦੀਆਂ 'ਚ..
ਮਜ਼ਹਬ ਦੀ ਗੋਲੀ ਚਿਹਰੇ ਪਛਾਣਦੀ ਰਹੀ..
ਮਾਵਾਂ ਦੀਆਂ ਕੁੱਖਾਂ 'ਚ...
ਪੰਘੂੜਿਆਂ ਤੇ ਖਿਡਾਉਣਿਆਂ ਦੀਆਂ ਚੀਖਾਂ ਦਫ਼ਨ ਨੇ..

ਬੀਤੇ ਵਰੇ ਦੇ ਮੋਢਿਆਂ 'ਤੇ..
ਕਬਰਾਂ.. ਸਲੀਬਾਂ.. ਤੇ ਸਿਵਿਆਂ ਦਾ ਭਾਰ ਹੈ...
ਬੜਾ ਸਬਰ ਕੀਤਾ ਬੀਤੇ ਵਰੇ ਨੇ...
ਅਸੀਂ ਬੀਤੇ ਵਰੇ ਦੀ ਹਿਚਕੀ ਲੈ ਕੇ..

ਨਵੇਂ ਵਰੇ 'ਚ ਪਰਵੇਸ਼ ਹੋਏ ਹਾਂ...
ਜੋ ਸਾਡੇ ਵਾਸਤੇ ਯੁੱਧ ਲੈ ਕੇ ਆਇਆ ਹੈ..
ਸਾਡੇ ਗਦਰੀ ਬਾਬੇ ਮੁੜ ਆਏ ਨੇ..
ਬੋਲ ਰਹੇ ਨੇ ਸਾਡੇ ਲਹੂ 'ਚੋਂ..
ਓਨਾਂ ਸਾਡੇ ਪੈਰਾਂ 'ਚ ਰੱਖ ਦਿੱਤੇ ਨੇ ਆਪਣੇ ਪੈਰ
ਹੱਥਾਂ 'ਚ ਹੱਥ.. ਬੋਲਾਂ 'ਚ ਬੋਲ..
ਤੇ ਪੜ ਰਹੇ ਨੇ ਲਹੂ 'ਚ ਤੈਰਦੀ ਹੋਈ ਕਵਿਤਾ..

ਅਸੀਂ ਹੁਣ ਨਵੇਂ ਵਰੇ ਨੂੰ ਚਿੱਬ ਖੜਿੱਬਾ ਨਹੀਂ ਹੋਣ ਦਿਆਂਗੇ..
ਸਾਡੇ ਸ਼ਹੀਦ ਫਿਰ ਆਪਣੀਆਂ ਦੇਹਾਂ 'ਚੋਂ ਨਿਕਲ ਆਏ ਨੇ..
ਇਹ ਸਦੀਆਂ ਪੁਰਾਣਾ ਰੋਹ ਹੈ...
ਤਪਦੇ ਪਿੰਡਿਆਂ 'ਚ ਸਮੇਂ ਦੀ ਇਬਾਰਤ ਲਿਖੀ ਜਾਵੇਗੀ...
ਸਾਡੀ ਦਵਾਤ 'ਚ ਸਿਆਹੀ ਨਹੀਂ.. ਗਦਰੀ ਲਹੂ ਹੈ
ਅਸੀਂ ਆਪਣੀ ਆਤਮ ਕਥਾ ਆਪ ਲਿਖਾਂਗੇ ..

ਅਸੀਂ ਉਸਦੇ ਹੱਥ 'ਚ ਨੰਗਾ ਖੰਜਰ ਵੇਖ ਲਿਆ ਹੈ..
ਨਵੇਂ ਵਰੇ ਦੇ ਸੂਰਜ ਨਾਲ ਸਾਡੀ ਅੱਖ ਵੀ ਲਿਸ਼ਕ ਰਹੀ ਹੈ
ਪਿਛਲੇ ਵਰੇ ਅਸੀਂ ਥੋੜਾ ਥੋੜਾ ਬਹੁਤ ਮਰੇ ਹਾਂ..
ਰਾਜੇ ਨੇ ਜਿਊਣ ਦੇ ਤਰੀਕਿਆਂ ਨੂੰ
ਬਹੁਤ ਮਹਿੰਗੇ ਭਾਅ ਵੇਚਿਆ ਹੈ..
ਇਤਿਹਾਸ ਆਪਣੇ ਤੋਂ ਧੂੜ ਪੂੰਝ ਰਿਹਾ ਹੈ ..
ਅਸੀਂ ਹੁਣ ਵਕਤ ਨੂੰ ਘੜੀ 'ਚੋਂ ਡਿੱਗਣ ਨਹੀਂ ਦੇਣਾ...
ਮੇਰੇ ਖੁਦਾ!  ਬੰਦੇ ਨੂੰ ਰੋਟੀ ਜਿੰਨੀ
ਤੇ ਕਵੀ ਨੂੰ... ਕਵਿਤਾ ਜਿੰਨੀ ਤਮੀਜ ਬਖਸ਼
ਜੇ ਕਵੀ ਨਾ ਵੀ ਰਹੇ..
ਤਾਂ... ਉਸਦੀ ਕਵਿਤਾ ਲੜਦੀ ਰਹੇ..

ਨਵੇਂ ਸਾਲ 'ਚ ਇੱਕ ਨਵਾਂ
ਵਾਯੂ ਮੰਡਲ ਬਨਣਾ ਹੈ..
ਤੇ ਓਥੋਂ ਨਿਕਲਦਾ ਪਾਣੀ
ਸਿੱਧਾ ਨਾਨਕ ਦੇ ਖੇਤਾਂ 'ਚ ਜਾਣਾ ਹੈ ..
■

**-Vishal**
**Amritsar, Pb., India**
**vishalnewseditor@gmail.com**

# ਟਰੈਕਟਰਾਂ ਦੇ ਘੋੜੇ



ਅਮਰਜੀਤ ਸਿੰਘ ਅਮਨੀਤ
ਇੰਡੀਆ

ਦਰਿਆਵਾਂ ਦੇ ਜਾਇਓ!
ਤੁਸੀਂ ਜਦੋਂ ਤੁਰਦੇ ਹੋ
ਤਾਂ ਦਰਿਆ ਬਣ ਕੇ ਵਹਿਣ ਲੱਗਦੇ ਹੋ
ਕੌਣ ਠੱਲ ਸਕਿਆ ਹੈ ਤੁਹਾਨੂੰ ?

ਇਹ ਟਰੈਕਟਰ ਜੋ ਤੁਹਾਡੇ ਖੇਤਾਂ ਵਿੱਚ
ਬਲਦ ਬਣ ਵੱਗਦੇ
ਤੇ ਹੁਣ ਜਦੋਂ ਤੁਸੀਂ ਦਿੱਲੀ ਵੱਲ ਤੁਰੇ ਹੋ
ਤੁਹਾਡੇ ਟਰੈਕਟਰ ਘੋੜਿਆਂ 'ਚ ਵਟ ਗਏ ਨੇ
ਇਹਨਾਂ ਦੀਆਂ ਕਾਠੀਆਂ ਤੇ ਟਰਾਲੀਆਂ
ਕਾਹਨੂੰਵਾਨ ਦੇ ਜੰਗਲਾਂ ਵਿਚਲੇ
ਤੁਹਾਡੇ ਘਰਾਂ 'ਚ ਬਦਲ ਗਈਆਂ ਨੇ
ਤੁਹਾਡਾ ਠਾਠਾਂ ਮਾਰਦਾ ਜੋਸ਼
ਸਮਸ਼ੀਰਾਂ ਵਿੱਚ ਵਟ ਗਿਆ ਏ
ਤੁਹਾਡਾ ਸਬਰ ਢਾਲ਼ ਬਣ
ਤੁਹਾਡੇ ਮੋਢਿਆਂ 'ਤੇ ਲਟਕ ਰਿਹਾ ਹੈ
ਤੁਸੀਂ ਹੁਣ ਘੋੜਿਆਂ 'ਤੇ ਸਵਾਰ ਹੋ
ਤੁਸੀਂ ਹੁਣ ਮੁਹਿੰਮ 'ਤੇ ਹੋ
ਤੁਸੀਂ ਦਰਿਆਵਾਂ ਦੇ ਜਾਏ
ਹੁਣ ਮੁਹਿੰਮ 'ਤੇ ਹੋ
ਤੁਹਾਨੂੰ ਕੌਣ ਠੱਲ ਸਕਦਾ ਹੈ ?
ਇੱਕ ਹਨੇਰੇ ਭਰਿਆ ਯੁੱਗ ਬਦਲ ਰਿਹਾ ਹੈ
ਪਹੁ ਫੁਟਾਲ਼ਾ ਹੋ ਰਿਹਾ ਹੈ
■

# ਅਸੀਂ ਫੁੱਲ ਬਣ ਉੱਗਣਾ

ਤੇਰੀਆਂ ਪੈਂਦੀਆਂ ਪਾਣੀ ਦੀਆਂ ਫੁਹਾਰਾਂ
ਸਾਨੂੰ ਆਪਣੀਆਂ ਫ਼ਸਲਾਂ ਲਈ
ਬਰਸਾਤਾਂ ਵਰ੍ਹਦੀਆਂ ਜਾਪਦੀਆਂ ਨੇ
ਤੇਰੇ ਅੱਥਰੂ ਗੈਸ ਦੇ ਗੋਲ਼ੇ
ਸਾਡੇ ਖੇਤਾਂ ‘ਚ ਬਣਦੀ ਤੂੜ੍ਹੀ ਦੇ ਦਿਨ ਲੱਗਦੇ ਰਹੇ
ਤੇਰੇ ਰੱਖੇ ਹੋਏ ਬੈਰੀਕੇਡ ਤਾਂ ਸਾਨੂੰ
ਖੇਤਾਂ ਚ ਪਈਆਂ ਕਣਕ ਦੀਆਂ ਭਰੀਆਂ ਜਾਪਦੀਆਂ
ਤੇ ਅਸੀਂ ਸਿਰ ਤੇ ਚੁੱਕੀ ਫਿਰਦੇ

ਤੇਰੇ ਪੱਟੇ ਟੋਇਆਂ ਨੂੰ
ਅਸੀਂ ਖਾਲ਼ਾਂ ਦੇ ਟੱਪਣ ਵਾਂਗੂੰ ਲੰਘ ਗਏ
ਸੜਕਾਂ ‘ਤੇ ਤੇਰੇ ਲਾਏ ਮਿੱਟੀ ਦੇ ਢੇਰ
ਸਾਡੇ ਵਾੜ੍ਹਿਆਂ ‘ਚ ਪਈ ਰੂੜ੍ਹੀ ਤੋਂ ਵੱਧ ਕੁਝ ਨਹੀਂ ਸਨ
ਅਸੀਂ ਧਰਤੀ ਦੇ ਪੁੱਤਰ ਹਾਂ
ਧਰਤੀ ਤੇ ਕੁਝ ਵੀ ਪਿਆ
ਸਾਨੂੰ ਆਪਣਾ ਭੈਣ ਭਾਈ ਲੱਗਦਾ
ਸਾਨੂੰ ਆਪਣਾ ਧੀ ਪੁੱਤਰ ਜਾਪਦਾ

ਤੂੰ ਰੋਕਾਂ ਉਸਾਰਨ ਲਈ
ਸਭ ਚੀਜ਼ਾਂ ਧਰਤੀ ਤੋਂ ਖੋਹ ਕੇ ਲਿਆਇਆ
ਤੇ ਅਸਾਂ ਉਹ ਹੱਥਾਂ ਚ ਲੈ ਕੇ
ਧਰਤ ਨੂੰ ਹੀ ਪਰਤਾ ਦਿੱਤੀਆਂ
ਤੇਰੀਆਂ ਡਾਂਗਾਂ ਸਾਡੀ ਧਰਤੀ ਮਾਤਾ ਹੀ ਜਨਮਦੀ
ਤੇ ਹਰ ਵੱਜਦੀ ਡਾਂਗ ਮਾਂ ਦਾ ਹੱਥ ਮਹਿਸੂਸ ਹੁੰਦਾ
ਉਹਦੇ ਜਾਇਆਂ ਦੀ ਗਲਵੱਕੜੀ ਲੱਗਦੀ

ਸਾਡੇ ਹੀ ਧੀਆਂ ਪੁੱਤਰਾਂ ਨੂੰ
ਤੂੰ ਕੈਸਾ ਕਾਨੂੰਨ ਪੜ੍ਹਾਉਂਦਾ
ਤੇ ਫਿਰ ਇਹ ਫੁਹਾਰਾਂ ਮਰਵਾਉਂਦਾ
ਅੱਥਰੂ ਗੈਸ ਸੁੱਟਵਾਉਂਦਾ
ਡਾਂਗਾਂ ਨਾਲ਼ ਲਾਸਾਂ ਪਵਾਉਂਦਾ

ਉਹ ਜਦੋਂ ਥੱਕ ਟੁੱਟਦੇ ਤੇ ਭੁੱਖ ਨਾਲ਼ ਲੂਸਦੇ
ਤਾਂ ਸਾਡੇ ਹੀ ਕੋਲ਼ ਆ ਬੈਠਦੇ
ਕੀਤੀ ਤੇ ਦਿਲੋਂ ਪਛਤਾਂਦੇ
ਨਿਰੀ ਚੁੱਪ 'ਚ ਪਰਸ਼ਾਦਾ ਛਕਦੇ

ਅਸੀਂ ਤਾਂ ਇੱਕ ਦਾਣਾ ਵੀ ਧਰਤ ਨੂੰ ਸੌਂਪ ਕੇ
ਉਸ ਦੇ ਪੁੰਗਰਨ ਤੋਂ ਲੈ ਕੇ
ਧੁੱਪ ਰੰਗੀਆਂ ਤੂਈਆਂ ਦੇ ਮੁੱਖ ਵਿਖਾਣ ਤੱਕ
ਭਰ ਜੁਆਨ ਹੋਣ ਤੱਕ
ਨਿੱਸਰ ਕੇ ਬੱਲੀਆਂ ਹੋ ਜਾਣ ਤੱਕ
ਫਿਰ ਸੁਨਹਿਰੀ ਹੋ ਕੇ ਸਾਡੀ ਝੋਲ਼ੀ 'ਚ
ਦਾਣਿਆਂ ਦਾ ਰੂਪ ਹੋ ਕੇ ਸਮਾ ਜਾਣ ਤੱਕ
ਅਸੀਂ ਹਰ ਤੂਫ਼ਾਨ ਨੂੰ
ਧੀਆਂ ਪੁੱਤਰਾਂ ਵਰਗੀ ਫ਼ਸਲ ਨੂੰ ਹਲੂਣਦਿਆਂ
ਤੱਕਿਆ ਹੈ
ਅਸੀਂ ਧੀਆਂ ਪੁੱਤਰਾਂ ਨੂੰ ਗੜ੍ਹੇਮਾਰੀ 'ਚ
ਨੰਗੇ ਧੜ ਖਲੋਤਿਆਂ ਵੇਖਿਆ ਹੈ
ਔੜਾਂ ਤੇ ਡੋਬਿਆਂ 'ਚ ਸੁੱਕਦਿਆਂ ਡੁੱਬਦਿਆਂ
ਅਸੀਂ ਵੇਖਿਆ ਹੈ
ਇਹ ਸਭ ਕੁਝ ਵੇਖਦਿਆਂ ਹੰਢਾਉਂਦਿਆਂ
ਬੜਾ ਸਬਰ ਤੇ ਜੇਰਾ ਧਾਰਨ ਕਰ ਲਿਆ ਹੈ
ਤੇ ਤੂੰ ਸਾਡੇ ਕਿਹੜੇ ਸਬਰ ਪਰਖਣੇ ਨੇ ?

ਅਸੀਂ ਮਿੱਟੀ ਨਾਲ ਰਹਿੰਦੇ ਰਹਿੰਦੇ
ਮਿੱਟੀ  ਦਾ ਰੂਪ ਹੋਏ ਹਾਂ
ਸਾਡੇ ਪੁਰਖੇ ਇਸ ਮਿੱਟੀ 'ਚ ਸਮਾਏ ਨੇ
ਇਸ ਨੇ ਆਪਣੇ 'ਚ
ਬੜੇ ਸ਼ਹਿਨਸ਼ਾਹ ਤੇ ਸਲਤਨਤਾਂ ਮਿਲਾਏ ਨੇ
ਅਸੀਂ ਇਸ 'ਚ ਸਮਾ ਜਾਣਾ ਹੈ
ਪਰ ਮਿੱਟੀ ਕਦੋਂ ਲਤਾੜ ਹੁੰਦੀ
ਮਿੱਟੀ ਕਦੋਂ ਕੁੱਟ ਹੁੰਦੀ
ਮਿੱਟੀ ਕਦੋਂ ਮਰਦੀ
ਇਹ ਮਿੱਟੀ 'ਤੇ ਥੋੜ੍ਹੀ ਜਿਹੀ ਹਿੱਲ ਜੁਲ ਹੈ
ਮਿੱਟੀ ਦੀ ਹਿੱਲਜੁਲ ਨਾਲ ਹੀ

ਸੋਹਣੇ ਫੁੱਲ ਉੱਗਦੇ ਤੇ ਖਿੜਦੇ
ਸਾਰਾ ਦੁਆਲ਼ਾ ਸਾਵਾ ਹੋ ਜਾਂਦਾ
ਤੂੰ ਸਾਨੂੰ ਹੋਰ ਛੇੜ
ਹੋਰ ਪੁੱਟ
ਹੋਰ ਵਾਹ
ਅਸੀਂ ਹੋਰ ਸਾਵੇ ਹੋਵਾਂਗੇ
ਅਸੀਂ ਹੋਰ ਸੋਹਣੇ ਫੁੱਲ ਬਣ ਉੱਗਾਂਗੇ
ਉਡੀਕ ਤੂੰ ਬੱਸ
ਤੇਰੇ ਮਹਿਲ ਵੀ ਸਾਡੇ ਹਲ਼ ਦੇ ਫਾਲ਼ੇ ਨਾਲ਼
ਢਹਿ ਕੇ ਮਿੱਟੀ ਹੋਣੇ ਨੇ
ਤੇ ਉਸ ਮਿੱਟੀ 'ਤੇ ਵੀ
ਅਸੀਂ ਹੀ ਫੁੱਲ ਬਣ ਉੱਗਣਾ ਤੇ ਖਿੜਨਾ ਹੈ
■

**-Amarjit Singh Amneet**
**Patiala, Pb., India**
**88722-66066**

# ਨੈਤਿਕ ਦ੍ਰਿੜਤਾ



ਦਵਿੰਦਰ ਬਾਂਸਲ
ਕੈਨੇਡਾ

ਕਲਪਨਾ ਕਰੋ ਉਸ ਜ਼ਿੰਦਗੀ ਦੀ
ਜਿਸ ਕੋਲ ਦੋ ਵਕਤ ਦੀ ਰੋਟੀ ਨਸੀਬ ਨਹੀਂ
ਪਹਿਨਣ ਨੂੰ ਪੂਰੇ ਵਸਤਰ ਨਹੀਂ
ਤੇ ਬੈਠਣ ਨੂੰ ਮੰਜਾ ਪੀੜ੍ਹਾ ਨਹੀਂ
ਤੁਸੀਂ ਕਿਰਤੀਆਂ ਦੇ ਹੱਕ ਖੋਹ-ਖੋਹ ਕੇ
ਆਪਣੇ ਢਿੱਡ ਵਧਾਈ ਜਾਂਦੇ ਹੋ
ਮਿਹਨਤਕਸ਼ਾਂ ਦੇ ਗਾਹੜੇ ਪਸੀਨੇ ਨਾਲ
ਨੋਟ ਅਤੇ ਜਵਾਹਰਾਤ ਬਣਾਈ ਜਾਂਦੇ ਹੋ
ਤੁਹਾਡੇ ਢਿੱਡ ਅਜੇ ਕਿਉਂ ਭਰਦੇ ਨਹੀਂ
ਤੁਸੀ ਰੱਬ ਦੇ ਖ਼ੌਫ਼ ਤੋਂ ਕਿਉਂ ਡਰਦੇ ਨਹੀਂ?
ਸੋਚੋ, ਗੰਭੀਰਤਾ ਨਾਲ ਜ਼ਰਾ ਸੋਚੋ
ਇਹ ਧਰਤੀ ਦੇ ਮਿਹਨਤੀ ਜਾਏ ਨੇ
ਜੋ ਤੁਸਾਂ ਮਿੱਟੀ ਵਿੱਚ ਰੁਲ਼ਾਏ ਨੇ
ਜਿਸਦੀ ਤੁਸੀਂ ਜੂਨ ਔਖੀ ਕੀਤੀ ਹੈ
ਵੱਡੇ ਵੱਡੇ ਮਹਿਲ, ਵੱਡੀਆਂ ਗੱਡੀਆਂ
ਵੱਡੇ ਵੱਡੇ ਰੁਤਬੇ ਤੇ ਸ਼ਾਨਦਾਰ ਜੀਵਨ
ਇਹ ਉਨ੍ਹਾਂ ਤੋਂ ਬਿਨਾਂ ਮੁਮਕਿਨ ਹੀ ਨਹੀਂ
ਜ਼ਰਾ ਸੋਚੋ, ਤੁਸੀਂ ਕੀ ਕਰ ਰਹੇ ਹੋ
ਠੰਡ ਵਿੱਚ ਠਰਦੇ ਉਹ
ਮੈਦਾਨ 'ਚ ਖੜੇ ਉਹ
ਆਪਣੇ ਹੱਕਾਂ ਦੀ ਲੜਾਈ ਲੜਦੇ ਉਹ
ਅਜੇ ਵੀ ਵੇਲਾ ਹੈ
ਉੱਠੋ ਤੇ ਚਲੋ ਉਹਦੇ ਨਾਲ ਖੜ੍ਹੋ
ਉਸਦੇ ਲਈ ਨਹੀਂ
ਬਲਕਿ ਖੁਦ ਲਈ
ਕਿਉਂਕਿ ਆਖ਼ਿਰ ਨੂੰ
ਕਿਸਾਨ ਬਿਨਾਂ, ਅੰਨ ਨਹੀਂ
ਅੰਨਦਾਤੇ ਬਿਨ
ਤੁਸੀਂ ਨਹੀਂ, ਕੁਟੰਬ ਨਹੀਂ
ਉੱਠੋ, ਉਸ ਦੇ ਲਈ, ਖ਼ੁਦ ਦੇ ਲਈ
ਇਕ ਜੁੱਟ ਹੋ, ਇਕਮਿਕ ਹੋ, ਸਾਥ ਦਿਉ ■

# ਆਪਣੇ ਹੱਕਾਂ ਲਈ ਜੱਦੋਜਹਿਦ

ਹੱਕ ਸੱਚ ਲਈ ਲੜਨਾ
ਕੋਈ ਗੁਨਾਹ ਤਾਂ ਨਹੀਂ
ਜ਼ੁਲਮ ਦੇ ਅੱਗੇ ਖੜਨਾ
ਕੋਈ ਗੁਨਾਹ ਤਾਂ ਨਹੀਂ
ਗੁਨਾਹ ਤਾਂ ਓਦੋਂ ਹੈ ਜਦੋਂ
ਚੁੱਪਚਾਪ ਜ਼ੁਲਮ ਤੇ ਜ਼ਬਰ ਸਿਹਾ ਜਾਵੇ
ਸਭ ਕੁਝ ਦੇਖਦੇ ਹੋਏ ਵੀ
ਅਣਜਾਣ ਰਿਹਾ ਜਾਵੇ
ਜਦੋਂ ਆਪਣੀ ਹਿੰਮਤ ਤੇ ਯਕੀਨ ਮੁੱਕ ਜਾਵੇ
ਤੇ ਜਦੋਂ ਬਗ਼ਾਵਤ ਵੱਲ ਉੱਠਿਆ ਕਦਮ ਰੁਕ ਜਾਵੇ
ਪਰ ਇਹ ਸਾਡੀ ਫ਼ਿਤਰਤ 'ਚ ਨਹੀਂ
ਅਸੀਂ ਗੋਬਿੰਦ ਪਾਤਸ਼ਾਹ ਦੇ ਜਾਏ ਹਾਂ
ਬੇਖ਼ੌਫ਼, ਬੇਪ੍ਰਵਾਹ
ਨਿਡਰ, ਬਹਾਦਰ
ਬੇਇਨਸਾਫ਼ੀ ਦਾ ਮੂੰਹ ਤੋੜਨ ਵਾਲੇ
ਤੇ ਅੱਤਿਆਚਾਰੀ ਦਾ ਸੰਘ ਮਰੋੜਨ ਵਾਲੇ
ਅਸੀਂ ਨਹੀਂਓਂ ਡਰਦੇ
ਸਾਡੀ ਧਰਤ ਸਾਡੀ ਮਾਂ
ਤੇ ਅਸੀਂ ਇਸ ਧਰਤ ਦੇ ਲਾਲ
ਕਿੰਨਾ ਕੁ ਡੱਕੇਂਗੀ ਸਰਕਾਰੇ
ਆਖ਼ਿਰ ਨੂੰ ਹੋਵੇਂਗੀ ਬੇਹਾਲ
ਬਹਾਦਰੀ ਤੇ ਸਬਰ ਸਾਡੀਆਂ ਰਗਾਂ 'ਚ
ਲਹੂ ਬਣ ਦੌੜਦਾ ਹੈ
ਤੇ ਅਸੀਂ ਮਰਨ ਤਕ ਥੱਕਦੇ ਨਹੀਂ
ਅਜ਼ਮਾ ਲੈ ਜਿੰਨਾ ਅਜ਼ਮਾਉਣਾ
ਅਸੀਂ ਦਿਆਂਗੇ ਤੈਨੂੰ ਤੇਰੇ ਗੁਨਾਹਾਂ ਦਾ ਜਵਾਬ
ਮੂੰਹ-ਤੋੜ
ਕਥਨੀ ਵਿੱਚ ਤਾਂ ਸਾਰੇ
ਬੜੇ ਬਹਾਦੁਰ ਨੇ
ਕਰਨੀ ਵਿੱਚ ਜੂਝ ਮਰਨਾ
ਸਾਨੂੰ ਦਸਮ ਪਿਤਾ ਦਾ ਵਰਦਾਨ ਹੈ

ਜਿੱਤਾਂਗੇ ਜਾਂ ਲੜਾਂਗੇ
ਪਰ ਜੂਝਦੇ ਰਹਾਂਗੇ
ਆਖ਼ਰੀ ਦਮ ਤਕ...
■

**-Dawinder Bansal**
**Scarborough, Ontario, Canada**
**416-282-0282**

# ਯੁੱਧ ਨਾਦ



ਦਲਜਿੰਦਰ ਰਹਿਲ
ਇਟਲੀ

ਰੋਹ ਹੈ, ਵਿਦਰੋਹ ਹੈ
ਹਨੇਰਿਆਂ ਵਿੱਚ ਲੋਅ ਹੈ
ਇਹ ਕਿਰਤੀਆਂ ਦਾ ਕਾਫ਼ਲਾ
ਮਨੁੱਖਤਾ ਦਾ ਮੋਹ ਹੈ

ਇਹ ਗੀਤ ਕਿਰਤ ਬਿਰਤ ਦਾ
ਤੇ ਹੱਕਾਂ ਦੀ ਜੰਗ ਹੈ
ਇਹ ਜਜ਼ਬਾ ਪਹਿਚਾਣ ਦਾ
ਕੁਰਬਾਨੀਆਂ ਦਾ ਰੰਗ ਹੈ

ਇਹ ਭੀੜ ਨਈਂ ਈਮਾਨ ਹੈ
ਹੱਕ ਸੱਚ ਦਾ ਤੂਫ਼ਾਨ ਹੈ
ਹੈ ਕਾਮਿਆਂ ਦੀ ਫ਼ੌਜ
ਮੇਰੇ ਦੇਸ਼ ਦਾ ਕਿਰਸਾਨ ਹੈ

ਇਹ ਯੁੱਧ ਹੈ, ਇਹ ਨਾਦ ਹੈ
ਇਹ ਸਬਰ ਤੇ ਸੰਤੋਖ਼ ਵੀ
ਹੈ ਰੰਗ ਸੱਭਿਆਚਾਰ ਦਾ
ਇਹ ਸ਼ਬਦ ਤੇ ਸਲੋਕ ਵੀ

ਇਹ ਸੰਗਤਾਂ ਦੀ ਪੰਗਤ
ਤੇ ਲੰਗਰ ਦੀ ਰੀਤ ਹੈ
ਇਹ ਦੁੱਖ-ਦਰਦ, ਸਾਂਝ-ਸੰਜਮ
ਜਿੱਤ ਦਾ ਪ੍ਰਤੀਕ ਹੈ

ਬੁੱਧ, ਈਸਾ, ਅੱਲ੍ਹਾ ਅਤੇ
ਗੀਤਾ ਦੇ ਸਲੋਕ ਨੇ
ਅੱਗੇ ਅੱਗੇ ਨਾਨਕ ਤੇ
ਪਿੱਛੇ ਪਿੱਛੇ ਲੋਕ ਨੇ

ਨਾ ਟੁੱਟਣਾ, ਨਾ ਝੁਕਣਾ

ਇਹ ਕਿਸੇ ਤੋਂ ਨਾ ਰੁਕਣਾ
ਹੈ ਵੇਗ ਕਰਮ-ਧਰਮ ਦਾ
ਇਸ ਮੰਜਿਲਾਂ ਤੇ ਢੁੱਕਣਾ

ਧਰਮ ਹੈ, ਈਮਾਨ ਹੈ
ਇਹ ਅਣਖ ਤੇ ਸਨਮਾਨ ਵੀ
ਹੈ ਯੁੱਧ ਨਾਦ ਕਿਰਤ ਦਾ
ਤੇ ਜਿੱਤ ਦਾ ਫੁਰਮਾਨ ਵੀ
■

# ਕਦੇ ਨਾ ਸਕਦੇ ਹਾਰ

ਛੱਤ ਜਿਸਦੀ ਆਕਾਸ਼ ਹੈ
ਧਰਤੀ ਪਾਲਣਹਾਰ
ਕੁਦਰਤ ਜਿਸ ਦੀਆਂ ਰਹਿਮਤਾਂ
ਕੌਣ ਸਕੂਗਾ ਮਾਰ

ਚੁੱਲ੍ਹਾ ਚੌਂਕਾ, ਅਗਨ-ਅੰਨ
ਜੀਵਨ ਦੇ ਆਧਾਰ
ਜਿਨ੍ਹਾਂ ਕੋਲ਼ ਇਹ ਬਰਕਤਾਂ
ਕਦੇ ਨਾ ਸਕਦੇ ਹਾਰ

ਮਾਵਾਂ ਜਿੱਥੇ ਰੱਬ ਨੇ
ਬਾਪ ਹੋਵਣ ਦਰਵੇਸ
ਉਸ ਵਿਹੜੇ ਦੀਆਂ ਰੌਣਕਾਂ
ਮੰਗਣ ਭਲਾ ਹਮੇਸ਼

ਸੰਜਮ, ਸਾਹਿਜ, ਸੋਹਜ ਸੁਰਤ
ਸਿਦਕ, ਸਿਰੜ੍ਹ ਤੇ ਆਨ
ਇਹ ਗੁਣ ਜਿਸ ਵੀ ਕੌਮ ਦੇ
ਉਹੀਓ ਬਣੇ ਮਹਾਨ

ਧਰਤੀ ਜਿਸਦੀ ਹੋਂਦ ਹੈ
ਫਸਲ ਹੈ ਜਿਸਦੀ ਸ਼ਾਨ
ਭੁੱਖਾ ਰਹਿ ਜੱਗ ਪਾਲ਼ਦਾ
ਦਾਤਾ ਹੈ ਕਿਰਸਾਨ

ਛੱਤ ਜਿਸਦੀ ਆਕਾਸ਼ ਹੈ
ਧਰਤੀ ਪਾਲਣਹਾਰ
ਕੁਦਰਤ ਜਿਸ ਦੀਆਂ ਰਹਿਮਤਾਂ
ਕੌਣ ਸਕੂਗਾ ਮਾਰ

ਚੁੱਲ੍ਹਾ ਚੌਂਕਾ, ਅਗਨ-ਅੰਨ

ਜੀਵਣ ਦੇ ਅਧਾਰ
ਜਿੰਨ੍ਹਾਂ ਕੋਲ ਇਹ ਬਰਕਤਾਂ
ਕਦੇ ਨਾ ਸਕਦੇ ਹਾਰ
■

**-Daljinder Rahel**
**Italy**
**dal.rahel@gmail.com**

# ਫ਼ੌਜ ਰੰਗਲੀ



ਡਾ. ਰਤਨ ਸਿੰਘ ਢਿੱਲੋਂ
ਇੰਡੀਆ

ਗੁਰੂ ਜੀ
ਤੇਰੀ ਰੰਗਲੀ ਫ਼ੌਜ
ਮੋਰਚਾ ਜਿੱਤ ਕੇ ਆ ਗਈ ਹੈ
ਤੇ ਦੁਸ਼ਮਣ ਦੀਆਂ ਸਫ਼ਾਂ ਵਿਚ
ਮੁਰਦੇ ਹਾਣੀ ਛਾ ਗਈ ਹੈ

ਗੰਦੇ ਪਾਣੀ ਦੀਆਂ ਬੌਛਾਰਾਂ
ਲਾਠੀਆਂ, ਡਾਂਗਾਂ, ਗੋਲੀਆਂ
ਕੜਕੀਆਂ ਧੁੱਪਾਂ, ਬਰਸਾਤਾਂ
ਯਖ਼ ਠੰਢੀਆਂ ਰਾਤਾਂ
ਖੁੱਲ੍ਹੇ ਅਸਮਾਨ ਥੱਲੇ
ਨੰਗੇ ਸਿਰਾਂ ਤੇ ਸਹਿਕੇ
ਦੁਸ਼ਮਣ ਦੀ ਘੇਰਾ ਬੰਦੀ ਕਰਕੇ
ਉਸਦੀ ਹਿੱਕ ਤੇ ਬਹਿਕੇ
ਜੇਤੂ ਹੋ ਕੇ ਛਾ ਗਈ ਹੈ
ਗੁਰੂ ਜੀ ਤੇਰੀ ਰੰਗਲੀ ਫ਼ੌਜ
ਮੋਰਚਾ ਜਿੱਤ ਕੇ ਆ ਗਈ ਹੈ

ਦੁਸ਼ਮਣ ਨੇ ਸੋਚਿਆ ਸੀ
ਤੇਰੀ ਖੋਜ ਵੀ
ਦੂਜਿਆਂ ਵਾਂਗ ਡਰ ਜਾਵੇਗੀ
ਤੇ ਉਸਦੀ ਕਾਰਪੋਰੇਟੀ ਜੁੰਡਲੀ
ਫ਼ੌਜ ਦੀਆਂ
ਜ਼ਮੀਨਾਂ ਹਥਿਆਵੇਗੀ
ਲਹਿਲਹਾਉਂਦੀਆਂ ਫ਼ਸਲਾਂ ਕਬਜਾਵੇਗੀ
ਉਹ ਤੇਰੀ ਉਸ ਫ਼ੌਜ ਤੋਂ ਜਾਣੂ ਨਹੀਂ ਸੀ
ਜੋ ਖ਼ੈਬਰ ਤੱਕ ਧੁੰਮਾਂ ਪਾ ਚੁੱਕੀ ਹੈ
ਸਾਰਾ ਗੜ੍ਹੀ ਦਾ ਇਤਿਹਾਸ ਬਣਾ ਚੁੱਕੀ ਹੈ
ਪਠਾਣਾਂ, ਮੁਗਲਾਂ, ਅੰਗਰੇਜ਼ਾਂ ਨਾਲ
ਮੱਥਾ ਲਾ ਚੁੱਕੀ ਹੈ, ਸਬਕ ਸਿਖਾ ਚੁੱਕੀ ਹੈ

ਉਸ ਨੂੰ ਹੰਕਾਰ ਸੀ ਕਿ
ਤੇਰੀ ਰੰਗਲੀ ਫ਼ੌਜ
ਉਸਦੀ ਖੜੀ ਕੀਤੀ ਉਂਗਲ ਤੋਂ
ਡਰ ਜਾਵੇਗੀ
ਚੂੰ ਨਹੀਂ ਕਰੇਗੀ
ਪਰ ਤੇਰੀ ਫ਼ੌਜ ਤਾਂ
ਬਿਨਾਂ ਤੇਗ਼, ਤਲਵਾਰ. ਬੰਦੂਕ ਦੇ
ਦੁਨੀਆਂ ਦੇ ਸਭ ਤੋਂ ਤਾਕਤਵਰ
ਆਕੜਖ਼ਾਨ ਹੰਕਾਰੀ ਸਮਝੇ ਜਾਂਦੇ
ਰਾਜੇ ਦੀ ਧੌਣ ਨਿਵਾ ਆਈ ਹੈ

ਦੁਸ਼ਮਣ ਨੇ
ਟਰੈਕਟਰ-ਟਰਾਲੀਆਂ ਤੋਂ ਡਰਦਿਆਂ
ਸੜਕ ਤੇ ਤਿੱਖੇ ਲੰਮੇ ਕਿੱਲਾਂ ਦੀਆਂ
ਲਾਈਨਾਂ ਵਿਛਵਾਈਆਂ
ਦੂਜੇ ਪਾਸੇ
ਮਾਂ ਧਰਤੀ ਦੀ ਰੱਖਿਆ ਲਈ
ਧੜਕਦੇ ਅਣਖੀ ਦਿਲ ਸਨ
ਬਜ਼ੁਰਗ, ਬੱਚੇ, ਬੀਬੀਆਂ ਤੇ ਗੱਭਰੂ
ਸਰਹੱਦ ਤੇ ਬੈਠੇ
ਹਿਮਾਲਾ ਵਾਂਗ ਡਟੇ ਅਹਿੱਲ ਸਨ
ਸ਼ਹੀਦੀਆਂ ਦੀ ਪਰੰਪਰਾ ਦੇ
ਮਰਜੀਵੜੇ ਸਨ
ਕਦੇ ਨਾ ਬੁਝਣ ਵਾਲੇ
ਕੁਰਬਾਨੀਆਂ ਦੇ ਦੀਵੜੇ ਸਨ
ਉਹ ਭੁੱਲ ਗਿਆ ਸੀ
ਕਿ ਗੁਰੂ ਦੀ ਰੰਗਲੀ ਫ਼ੌਜ
ਸੂਲੀ ਦੇ ਤਿੱਖੇ ਦੰਦਿਆਂ ਤੇ
ਪਲਦੀ ਆਈ ਹੈ
ਤੇ ਕੁਰਬਾਨੀਆਂ ਦੇ ਸੱਚੇ ਵਿਚ
ਢਲਦੀ ਆਈ ਹੈ

ਤੇਰੀ ਖੋਜ ਦੇ ਸਿਪਾਹੀ
ਦੁਸ਼ਮਣ ਨੂੰ ਮੰਨ ਜਾਣ ਦਾ

ਸੰਦੇਸ਼ ਘੱਲਦੇ ਰਹੇ
ਤੇ ਤੁਫ਼ਾਨਾਂ ਵਿਚ
ਖ਼ਾਮੋਸ਼ ਇਨਕਲਾਬ ਪਲਦੇ ਰਹੇ

ਅਖੀਰ ਤੇਰੀ ਫ਼ੌਜ ਦੇ
ਸਿਰੜ, ਸੰਤੋਖ, ਕੁਰਬਾਨੀ
ਅਤੇ ਏਕਤਾ ਅੱਗੇ
ਦੁਸ਼ਮਣ ਦਾ ਸਾਹ-ਸੱਤ ਮੁੱਕਿਆ
ਤੇ ਉਸਨੇ
ਹੰਕਾਰੀ ਉਂਗਲੀ ਨੀਵੀਂ ਕਰਦਿਆਂ ਕਿਹਾ
ਮੈਂ ਹਾਰ ਗਿਆ ਹਾਂ
ਉਸਦੀ ਜੁੰਡਲੀ
ਅਵਾਕ ਰਹਿ ਗਈ, ਸੁਣਕੇ
ਜੋ ਕਹਿੰਦੀ ਸੀ
ਰਾਜੇ ਦਾ ਵਚਨ ਅਟੱਲ ਹੈ

ਤੇਰੀ ਰੰਗਲੀ ਫ਼ੌਜ
ਮੋਰਚਾ ਜਿੱਤ ਕੇ
ਦੁਸ਼ਮਣ ਦੀ ਹਿੱਕ ਤੇ
ਜਿੱਤ ਦੇ ਝੰਡੇ ਗੱਡਦੀ
ਜੈਕਾਰੇ ਛੱਡਦੀ
ਇਤਿਹਾਸ ਰਚਕੇ
ਘਰਾਂ ਨੂੰ ਆ ਗਈ ਹੈ

ਤੇ ਦੁਸ਼ਮਣ ਦੀਆਂ ਸਫ਼ਾਂ ਵਿਚ
ਮੁਰਦੇਹਾਣੀ ਛਾ ਗਈ ਹੈ
■

# ਚਲਾਕ ਲੂੰਬੜਾ

ਵੱਡਿਆ ਚਲਾਕ ਲੂੰਬੜਾ
ਧਰਤੀ
ਕਿਸਾਨ ਦੀ ਮਾਂ ਹੁੰਦੀ ਹੈ
ਤੇ ਆਪਣੀ ਦਇਆਵਾਨ
ਉਪਕਾਰੀ ਮਾਂ ਦਾ
ਕੋਈ ਕਾਰੋਬਾਰ ਨਹੀਂ ਕਰਦਾ

ਮੈਂ ਤੇਰੇ ਨਾਪਾਕ ਪੈਰ
ਆਪਣੀ ਮਾਂ ਦੇ ਵਿਹੜੇ
ਨਹੀਂ ਪੈਣ ਦੇਵਾਂਗਾ
ਤੇ ਜਦ ਤੱਕ
ਤੂੰ ਮੇਰੀ ਗੱਲ ਨਹੀਂ ਸਮਝਦਾ
ਤੈਨੂੰ ਸਾਹ ਨਹੀਂ ਲੈਣ ਦੇਵਾਂਗਾ

ਚਲਾਕ ਲੂੰਬੜਾ
ਹੁਣ ਮੈਂ ਉਹ ਨਹੀਂ ਰਿਹਾ
ਜਿਸ ਨੂੰ ਸ਼ਬਦਾਂ ਵਿਚ ਉਲਝਾਕੇ
ਪਰਮਾਰਥ ਦੀਆਂ
ਪੌਰਾਣਿਕ ਕਹਾਣੀਆਂ ਸੁਣਾਕੇ
ਧੇਲੀ ਦੇ ਕੇ
ਹਵੇਲੀ ਲਿਖ ਲੈਂਦਾ ਸੈਂ
ਆਪਣਾ ਬਣਾਇਆ
ਗਣਿਤ ਸਮਝਾਕੇ
ਮੇਰੀ ਜ਼ਮੀਨ ਦਾ
ਮਾਲਕ ਬਣ ਬਹਿੰਦਾ ਸੈਂ
ਹੁਣ ਮੈਂ ਜਾਗਰੂਕ ਹਾਂ
ਪੜ੍ਹਿਆ ਲਿਖਿਆ ਹਾਂ
ਆਪਣਾ ਹਾਣ-ਲਾਭ
ਤੇ ਤੇਰੀ ਮੱਤ ਮਾਰੂ
ਚਲਾਕ ਵਾਕ ਬਣਤਰ ਨੂੰ
ਖੂਬ ਸਮਝਦਾ ਹਾਂ

ਤੇਰੀ ਹਰ ਗੱਲ ਦਾ
ਜੁਆਬ ਦੇ ਸਕਦਾ ਹਾਂ
ਪ੍ਰਸ਼ਨ ਕਰ ਸਕਦਾ ਹਾਂ
ਤੈਂਨੂੰ ਮਿਲਕੇ ਲੈ ਸਕਦਾ ਹਾਂ
ਤੇ ਤੇਰੀ ਕਿਸੇ ਦੁਖਦੀ ਰਗ ਤੇ
ਉਂਗਲ ਵੀ ਧਰ ਸਕਦਾ ਹਾਂ

ਚਲਾਕ ਲੂੰਬੜਾ
ਮੈਂ ਤੇਰੀ ਖਸਲਤ ਨੂੰ
ਖੂਬ ਪਹਿਚਾਣਦਾ ਹਾਂ
ਤੇ ਆਪਣੇ ਹੱਕ ਲਈ
ਲੰਮਾ ਸੰਘਰਸ਼ ਕਰਨਾ ਜਾਣਦਾ ਹਾਂ

ਮੈਂ ਚਿੰਤਨ ਸ਼ੀਲ ਹਾਂ
ਦੁਨੀਆ ਦੇਖ ਚੁੱਕਾ ਹਾਂ
ਤੇਰੀਆਂ ਚਲਾਕ ਚਾਲਾਂ ਨੂੰ ਸਮਝ ਚੁੱਕਾ ਹਾਂ
ਮੈਂ ਤੇਰੇ ਜੰਗਲੀ ਰਾਜ ਨੂੰ
ਖਤਮ ਕਰਾਂਗਾ
ਅਤੇ ਇਕ ਇਨਕਲਾਬੀ ਯੁੱਗ ਦਾ
ਆਗਾਜ਼ ਕਰਾਂਗਾ

ਹੁਣ ਮੈਂ ਉਹ ਨਹੀ ਹਾਂ
ਜੋ ਤੂੰ ਸਮਝ ਬੈਠਾ ਹੈਂ
ਚਲਾਕ ਲੂੰਬੜਾ
■

-**Dr. Rattan Singh Dhillon**
**Ambala Cantt, HR, India**
**rattanpoet@gmail.com**

# ਘਰ ਘਰ ਸੂਰਜ ਚੜ੍ਹੇਗਾ



ਰਵਿੰਦਰ ਰਵੀ
ਕੈਨੇਡਾ

ਇਕ ਪਾਸੇ ਸੂਰਜ ਡੁੱਬ ਰਿਹਾ
ਇਕ ਪਾਸੇ ਸੂਰਜ ਚੜ੍ਹ ਰਿਹਾ

ਇਕ ਸੂਰਜ ਉਸਦੀ ਮੁੱਠ ਵਿੱਚ ਹੈ
ਇਕ ਸੂਰਜ ਤੇਰੀ ਅੱਖ ਵਿੱਚ ਹੈ

ਜੁ ਤੇਰੀ ਅੱਖ ਵਿੱਚ ਹੈ ਕਿਰਸਾਣਾਂ
ਉਹ ਹੀ ਸੂਰਜ ਚੜ੍ਹੇਗਾ

ਲੋਕ-ਰਾਜ, ਜਨ ਕੀ ਆਵਾਜ਼
ਜਨ ਕੇ ਪੰਖ, ਜਨ ਕੀ ਪਰਵਾਜ਼

ਧਰਤੀ-ਪੁੱਤ ਕਿਰਤੀ, ਕਿਰਸਾਣ
ਜੰਮੇਂ ਧਰਤ, ਬਰਸੇ ਅਸਮਾਨ

ਪਾਣੀ, ਧਰਤੀ, ਤਪਸ਼ ਤੇ ਬੀਜ,
ਏਥੋਂ ਹੀ ਕਿਰਸਾਣ ਦਾ ਸੂਰਜ ਚੜ੍ਹੇਗਾ

ਦੰਗ ਸਿਆਸਤ, ਕੁਟਿਲ ਨੀਤੀਆਂ
ਨੰਗੇ ਹਨ ਦੂਹਰੇ ਕਿਰਦਾਰ

ਪਹਿਨ ਮਖੌਟੇ ਰਾਜ ਕਰੇਂਦੇ
ਜਨਤਾ ਦੇ ਇਹ ਕਰਜ਼ਦਾਰ

ਵੋਟ ਦੇ ਨਾਲ ਜੁ ਰਾਜ ਕਰੇਗਾ
ਵੋਟ ਦੇ ਨਾਲ ਹੀ ਝੜੇਗਾ

ਜੋਧੇ, ਸੂਰੇ ਅੱਜ ਦੇ ਹਨ, ਇਹ
ਖੇਤਾਂ ਨਾਲ ਜੁੜੇ ਪਰਵਾਰ

ਸ਼ਾਂਤ ਯੁੱਧ ਇਹ ਪਰਵਾਰਾਂ ਦਾ,

ਇਸਦਾ ਨਾ ਕੋਈ ਪਾਰਾਵਾਰ

ਇਹ ਪੰਨੇ ਨਵ-ਇਤਿਹਾਸ ਦੇ
ਹੁਣ, ਘਰ, ਘਰ, ਸੂਰਜ ਚੜ੍ਹੇਗਾ

ਜੁ ਤੇਰੀ ਅੱਖ ਵਿੱਚ ਹੈ ਕਿਰਸਾਣਾਂ
ਉਹ ਹੀ ਸੂਰਜ ਚੜ੍ਹੇਗਾ
■

# ਦਿੱਲੀ ਦਾ ਦੇਸੀ ਨੀਰੋ

ਦਿੱਲੀ ਦੀਆਂ ਸਰਹੱਦਾਂ ਉੱਤੇ
ਅੰਤਾਂ ਦੀ ਠੰਡ ਵਿੱਚ
ਘਰੋਂ ਬੇਘਰ ਹੋਏ
ਕਿਸਾਨ, ਸਣੇ ਪਰਵਾਰ
ਔਰਤਾਂ, ਬੱਚੇ, ਬੁੱਢੇ, ਜਵਾਨ
ਸ਼ਾਂਤਮਈ ਅੰਦੋਲਨ ਕਰ ਰਹੇ-
ਦਿੱਲੀ ਦੀ, ਬੇ-ਦਿਲ ਰਾਜ-ਸੱਤਾ ਨੂੰ
ਗਾਂਧੀ ਦਾ ਫ਼ਲਸਫ਼ਾ ਸਮਝਾ ਰਹੇ

ਦਿੱਲੀ ਵਿੱਚ
ਇਸ ਰਾਜ-ਸੱਤਾ ਦਾ ਮੁਖੀਆ
ਆਪਣੇ ਬੰਗਲੇ ਦੀ
ਸੈਂਟਰਲ ਹੀਟਿੰਗ ਵਿੱਚ ਬੈਠਾ
ਆਪਣੀ ਪਿੱਠ ਥਪ ਥਪਾ ਰਿਹਾ ਹੈ

'ਮਨ ਕੀ ਬਾਤ' ਦਾ ਮੀਆਂ ਮਿੱਠੂ
ਆਪਣੇ ਆਪ ਨੂੰ ਗੁਣਗੁਣਾ ਰਿਹਾ ਹੈ

ਕਿਸਾਨਾਂ ਨੂੰ
ਇਸ ਕਾਲੇ ਕਾਨੂੰਨ ਦੇ
ਕਪਟੀ ਅਰਥ ਸਮਝਾ ਰਿਹਾ ਹੈ

ਦਿੱਲੀ ਜਲ ਰਹੀ
ਪਰ ਨੀਰੋ
ਬੰਸਰੀ ਵਜਾ ਰਿਹਾ ਹੈ
■

**-Ravinder Ravi**
**Terrace, BC, Canada**
**ravinderravi37@gmail.com**

# ਮੇਰਾ ਛੰਨ



ਅਰਵਿੰਦਰ ਕੌਰ ਕਾਕੜਾ
ਇੰਡੀਆ

ਮੇਰਾ ਘਰ ਅੱਜ ਚੁੱਪ ਹੈ
ਕਿੰਨੀਆਂ ਗੱਲਾਂ ਕਰਦਾ
ਥੱਕਦਾ ਨਹੀਂ ਸੀ
ਮੇਰਾ ਘਰ
ਸੀਮੰਟ ਤੇ ਇੱਟਾਂ ਦਾ ਨਹੀਂ ਬਣਿਆ
ਮੇਰਾ ਘਰ
ਧਰਤ ਦੇ ਮੱਘਦੇ ਸੁਪਨਿਆਂ ਦਾ ਬਣਿਆ
ਏਨਾਂ ਕਾਨਿਆਂ ਵਿੱਚੋਂ
ਫ਼ਸਲਾਂ ਲਹਿਰਾਉਂਦੀਆਂ
ਖੇਤ ਜਾਗਦੇ, ਕਿਰਤ ਖੇਡਦੀ ਏ
ਇਸ ਕਾਲਖ਼ ਦੀ ਨਗਰੀ 'ਚ
ਮੇਰੀ ਗਲੀ ਦਾ ਸਰਨਾਵਾਂ
ਸੂਹੇ ਹਰਫ਼ਾਂ ਨਾਲ ਉਕਰਿਆ
ਮੇਰੇ ਘਰ ਅੱਗੇ ਲਟਕੀ ਫੱਟੀ 'ਤੇ
ਲੋਕ ਏਕਤਾ ਜ਼ਿੰਦਾਬਾਦ ਲਿਖਿਆ
ਏਨਾਂ ਬਰੂਹਾਂ 'ਤੇ ਭੱਖਦੀ ਲਾਲੀ
ਰੋਜ਼ ਦਸਤਕ ਦਿੰਦੀ ਰਹੀ
ਸੀਸ ਤਲੀ ਤੇ ਟਿਕਾਉਣਾ
ਫ਼ਾਂਸੀ ਚੜਦਿਆਂ ਗਾਉਣਾ
ਤਖ਼ਤੇ ਸੰਗ ਟਕਰਾਉਣਾ
ਘਰ ਦੀ ਦਹਿਲੀਜ਼ 'ਤੇ
ਹੋਕਾ ਦਿੰਦੇ ਚਾਨਣ ਦੇ ਵਣਜਾਰੇ
ਕਿਰਨਾਂ ਝੋਲੀ 'ਚ ਪਾ ਦਿੰਦੇ ਨੇ
ਤਾਹੀਓਂ ਤੇ
ਹੋਂਦ ਦੀ ਸਵਾਰੀ ਕਰਦਾ
ਵਿਰਸੇ ਦੇ ਪੱਤਰੇ ਵਾਚਦਾ ਸੂਰਜ
ਮੇਰੇ ਘਰ ਅੰਦਰ ਸੁਭਾ ਸ਼ਾਮ ਆਉਂਦਾ
ਗੜੀ ਚਮਕੌਰ ਦੀਆਂ ਬਾਤਾਂ ਪਾਉਂਦਾ
ਮੇਰੇ ਘਰ ਦੀ ਰੌਣਕ ਵਧਾਉਂਦੈ
ਮੇਰੇ ਘਰ ਦਾ ਸਾਜ਼ ਸਮਾਨ
ਵਿਰਾਸਤ ਦੇ ਸੂਹੇ ਮਣਕਿਆਂ ਨਾਲ ਸੱਜਿਆ

ਕਿੰਨਾ ਸੋਹਣਾ ਲੱਗਦਾ ਰਿਹੈ ਮੇਰਾ ਘਰ
ਜਿਸ ਅੰਦਰ
ਸੋਹਣੀ ਜ਼ਿੰਦਗੀ ਦੇ ਸੁਪਨੇ ਨੱਚਦੇ ਰਹੇ
■

# ਜੁਝਾਰੂ ਬੇਬੇ

ਮੇਰੇ ਪਿੰਡ ਦੀ ਹਰਨਾਮ ਕੌਰ ਬੇਬੇ
ਅੱਜ ਬੜੀ ਖੁਸ਼ ਸੀ ਤੇ
ਲੱਡੂ ਵੰਡਦੀ...ਨੱਚਦੀ
ਸੋਲ਼ਾਂ ਸਾਲ ਦੀ ਮੁਟਿਆਰ ਲੱਗ ਰਹੀ ਸੀ
ਉਹਦੇ ਗੋਡਿਆਂ ਦਾ ਦਰਦ ਤਾਂ
ਸਾਲ ਪਹਿਲਾਂ ਹੀ ਉਡ ਪੁੱਡ ਗਿਆ ਸੀ
ਉਹ ਹੁਣ ਕੋਈ ਦਵਾ ਦਾਰੂ ਨਹੀਂ ਲੈਂਦੀ ਸੀ
ਉਹ ਧਰਤ ਦੇ ਨਗਮੇ ਗਾਉਂਦੀ
ਹੱਕ ਸੱਚ ਦਾ ਮੰਤਰ ਪੜ੍ਹਦੀ
ਖੇਤਰ ਧਰਮ ਤੇ ਜਾਤ ਦੀਆਂ
ਸਾਰੀਆਂ ਤੰਦਾਂ ਤੋੜ ਆਈ ਸੀ
ਉਹ ਯੁੱਗ ਨੂੰ ਬਦਲਣ ਦੀ ਗੱਲ ਕਰਦੀ
ਨ੍ਹੇਰੇ ਨੂੰ ਲਾਹਨਤਾਂ ਪਾਉਂਦੀ
ਖ਼ੁਦ ਆਪ ਸ਼ਾਇਰੀ ਕਰਨ ਲੱਗ ਪਈ ਸੀ
ਆਪਣੀ ਤਕਦੀਰ ਆਪ ਲਿਖਣ ਦੀ
ਉਸ ਨੇ ਕਾਨੀ ਘੜ ਲਈ ਸੀ
ਉਹ ਅੱਜਕੱਲ੍ਹ ਕਿਰਤ ਦੀ ਇਬਾਦਤ ਕਰਦੀ
ਉਹ ਮੁਥਾਜੀ ਤੋਂ ਮੁਕਤ ਹੋਣ ਲਈ
ਧਰਤ ਦੇ ਖ਼ਤਾਂ ਦੀ ਲਾਜ਼ ਪਾਲਦੀ ਰਹੀ
ਜਿਊਣ ਦਾ ਸਲੀਕਾ ਜਾਣ ਗਈ ਸੀ
ਸਫ਼ਰ ਤੇ ਰਹਿੰਦਿਆਂ.....
ਵਲ ਵਲੇਵਿਆਂ ਦੀ ਪਗਡੰਡੀ ਤੇ
ਨਵੀਂ ਇਬਾਰਤ ਲਿਖਣ ਲਈ
ਉਹਦੀ ਜ਼ਮੀਰ ਜਾਗਦੀ ਰਹੀ
ਰਬਾਬ ਦਾ ਸੰਗੀਤ ਸੁਣਦੀ
ਕਦੇ ਰਾਹਾਂ ਚ ਕਾਬਲ ਆਉਂਦਾ
ਤੇ ਕਦੀ ਵ੍ਹਾਈਟ ਹਾਊਸ
ਉਹ ਸਮੇਂ ਦੀ ਰਫ਼ਤਾਰ ਬਦਲਦੀ
ਜਾਣ ਗਈ ਸੀ.....
ਲੋਕ ਮੁਕਤੀ ਲਈ
ਸਿਦਕ ਹੌਂਸਲੇ ਲਈ ਦਾਦ ਦਿੰਦੀ

ਫ਼ਿਜ਼ਾਵਾਂ ਅੰਦਰ ਰੰਗਤ ਬੋਲਦੀ
ਨਰੋਏ ਪੂਰਨੇ ਪਾਉਂਦੀ ਰਹੀ
ਬੜਾ ਫ਼ਰਕ ਹੁੰਦਾ
ਧਰਮ ਤੇ ਅਧਰਮ
ਕਰਮ ਤੇ ਕੁਕਰਮ ਦਾ
ਵ਼ਲ ਪਰਚਮ ਝਲਾਉਣ ਦਾ
ਕਾਫ਼ਲੇ ਹੀ ਜਾਣਦੇ
ਜੋ ਦਿਸ਼ਾਵਾਂ 'ਚ
ਆਪਣਾ ਨਵਾਂ ਨਿਸ਼ਾਨ ਛੱਡ ਆਉਂਦੇ
ਇਤਿਹਾਸ ਬਣਦੇ......
ਬੇਬੇ ਹਰਨਾਮ ਕੌਰ
ਉਨ੍ਹਾਂ ਰਾਹਾਂ ਚ ਆਪਣਾ ਸਿਰਨਾਵਾਂ
ਲਿਖ ਆਈ ਸੀ
ਹੁਣ ਉਹ ਭਰ ਉੱਭਰਦੀ ਜਵਾਨ ਮੁਟਿਆਰ ਹੈ
ਜੋ ਹਰ ਮੌਸਮ ਨੂੰ ਸੀਨੇ ਤੇ ਜਰਨ ਦਾ ਦਮ ਰੱਖਦੀ ਹੈ
ਉਹ ਇੱਕ ਜੰਗ ਜਿੱਤ ਆਈ ਸੀ
■

**-Arvinder Kaur Kakra**
**Patiala, Pb, India**
**kakraak@gmail.com**

# ਪੈਰਾਂ ਦੇ ਨਿਸ਼ਾਨ



ਕੇਹਰ ਸ਼ਰੀਫ਼
ਜਰਮਨੀ

ਸਾਡੇ ਪੈਰਾਂ ਦੀਆਂ ਪੈੜਾਂ ਦੇ ਨਿਸ਼ਾਨ ਰਹਿਣਗੇ
ਰੋਟੀ ਜਗਤ ਨੂੰ ਜੋ ਦੇਣ ਉਹ ਕਿਸਾਨ ਰਹਿਣਗੇ

ਇਹ ਧਨਾਢਾਂ ਦੀ ਜੋ ਢਾਣੀ ਅੱਜ ਹੋਈ ਬੰਦੇ ਖਾਣੀ
ਅਸੀਂ ਕਹੀਏ ਜੀਹਨੂੰ ਗੋਲੀ ਉਹੋ ਬਣੀ ਫਿਰੇ ਰਾਣੀ
ਕਰੇਂ ਸਾਡੇ ਨਾਲ ਅਨਿਆਂ ਤਾਂ ਘਸਮਾਣ ਪੈਣਗੇ
ਸਾਡੇ ਪੈਰਾਂ ਦੀਆਂ.....

ਦਿਨੇ ਰਾਤ ਕਰੇ ਕਿਰਤ ਤੇ ਮੁਹਾਲ ਹੋਇਆ ਜੀਣਾਂ
ਦੱਸ ਹੋਰ ਕਿੰਨਾ ਚਿਰ ਤੂੰ ਹੈ ਖ਼ੂਨ ਸਾਡਾ ਪੀਣਾ
ਯਾਦ ਰੱਖੀਂ ਅੰਤ ਤੇਰੇ ਝੂਠ ਦੇ ਮੁਨਾਰੇ ਢਹਿਣਗੇ
ਸਾਡੇ ਪੈਰਾਂ ਦੀਆਂ.....

ਅਣਜਾਣੇ ਵਿਚ ਦੁੱਖਾਂ ਵਾਲਾ ਜੀਣ ਜੀਅ ਲਿਆ
ਸਾਡੇ ਸਬਰਾਂ ਨੇ ਸਦੀਆਂ ਦਾ ਘੁੱਟ ਪੀ ਲਿਆ
ਹੁਣ ਆਉਣ ਵਾਲੇ ਕੱਲ੍ਹ ਨਹੀਉਂ ਦੁੱਖ ਸਹਿਣਗੇ
ਸਾਡੇ ਪੈਰਾਂ ਦੀਆਂ.....

ਸੱਪ ਮਾਰੇ ਜਾ ਫੁੰਕਾਰੇ ਉਹਦੀ ਸਿਰੀ ਨੱਪੀਏ
ਸੀਨੇ ਆਪਣੇ 'ਚ ਦੁਨੀਆਂ ਦਾ ਦੁੱਖ ਰੱਖੀਏ
ਜੰਗ ਜਿੱਤ ਕੇ ਮੁੜਾਂਗੇ ਤਾਂ ਲੋਕੀ ਦੁੱਲੇ ਕਹਿਣਗੇ
ਸਾਡੇ ਪੈਰਾਂ ਦੀਆਂ....

ਸਾਡੇ ਪੈਰਾਂ ਦੀਆਂ ਪੈੜਾਂ ਦੇ ਨਿਸ਼ਾਨ ਰਹਿਣਗੇ
ਰੋਟੀ ਦੇਣ ਜੋ ਜਗਤ ਨੂੰ ਉਹ ਕਿਸਾਨ ਰਹਿਣਗੇ
■

# ਮਿੱਟੀ ਦਾ ਮੋਹ

ਮਿੱਟੀ ਨਾਲ ਮਿੱਟੀ ਹੋ ਕੇ
ਮਿੱਟੀ 'ਚੋਂ ਅੰਨ ਪੈਦਾ ਕਰਦੇ
ਸਭ ਦਾ ਢਿੱਡ ਭਰਦੇ
ਅੰਨ-ਦਾਤੇ ਨੂੰ ਮੁਨਾਫ਼ੇ ਦੇ ਲੋਭ 'ਚ
ਮਿੱਟੀ ਕਰਨ 'ਤੇ ਤੁੱਲਿਆ ਹੋਇਆ
ਲੋਟੂ ਸ਼ਾਹੂਕਾਰਾਂ ਦੀਆਂ ਗਿਰਝਾਂ ਦਾ ਟੋਲਾ

ਹਰ ਮੌਸਮ ਨਾਲ ਝਗੜਨ ਵਾਲਾ
ਹਰ ਮੌਸਮ ਨੂੰ ਬਦਲਣ ਵਾਲਾ
ਬਾਬਾ ਅਸਮਾਨ ਵੱਲ ਤੱਕਦਾ ਹੈ
ਤੇ ਉੱਠ ਤੁਰਦਾ ਹੈ ਆਪਣੇ ਰਾਹ
ਜੋ ਵਡੇਰਿਆਂ ਨੇ ਸਿਰਜਿਆ ਸੀ
ਆਪਣੇ ਵਿਰਸੇ ਦਾ ਲੜ ਫੜਕੇ
ਆਪਣੇ ਹੱਕਾਂ ਦੀ ਪੈੜ ਨੱਪਦਿਆਂ
ਲਲਕਾਰਦਾ ਹੋਇਆ ਆਖਦਾ ਹੈ :

ਸਾਡੇ ਸੁਪਨਿਆਂ ਨੂੰ
ਕਤਲ ਕਰਨ ਦਾ
ਸੁਪਨਾ ਲੈਣ ਵਾਲਿਉ
ਸਾਡਾ ਤਾਂ ਇਕ ਪੋਰਸ ਹੀ ਮਾਣ ਨਹੀਂ ਸੀ
ਅਸੀਂ ਬਹੁਤ ਸਾਰੇ
ਉਸਦੇ ਵਾਰਿਸ ਇਕੱਠੇ ਹਾਂ
ਤੁਹਾਨੂੰ ਪਤਾ ਹੀ ਹੈ ਕਿ
ਸਿਕੰਦਰ-ਏ-ਆਜ਼ਮ ਕਹਾਉਣ ਵਾਲੇ ਦਾ
ਮੂੰਹ ਮੋੜਨਾ ਵੀ ਅਸੀਂ ਜਾਣਦੇ ਹਾਂ
ਇਹ ਇਸੇ ਧਰਤੀ 'ਤੇ ਵਾਪਰਿਆ ਸੀ

ਇਹ ਜੋ ਤੁਸੀਂ ਕਹਿੰਦੇ ਹੋ ਕਿ ਅਸੀਂ
ਆਪਣਾ ਆਪ ਤੁਹਾਡੇ ਹਵਾਲੇ ਕਰ ਦੇਈਏ
ਇਹ ਸਾਨੂੰ ਨਹੀਂ ਪੁੱਗਦਾ
ਅਸੀਂ ਆਪਣੀ ਬਰਬਾਦੀ ਵਾਲੀ ਵਹੀ 'ਤੇ

ਅੰਗੂਠਾ ਕਿਵੇਂ ਲਾ ਸਕਦੇ ਹਾਂ

ਸਾਡੇ ਸੇਵਾਦਾਰ ਹੋ ਕੇ
ਸਾਨੂੰ ਅੱਖਾਂ ਨਾ ਵਿਖਾਉ
ਅਸੀਂ ਹਰ ਹਾਲ ਲੜਾਂਗੇ
ਅਸੀਂ ਹਰ ਹਾਲ ਜਿਤਾਂਗੇ
ਅਸੀਂ ਆਪਣੇ ਵਡੇਰਿਆਂ ਤੋਂ
ਇਹ ਹੀ ਸਿੱਖਿਆ ਹੈ
ਕਿ ਕਿਸੇ ਖੱਬੀ-ਖਾਨ ਦੀ ਵੀ
ਟੈਂਅ ਨਹੀਂ ਮੰਨਣੀ
ਆਪਣੇ ਹੱਕਾਂ ਖਾਤਿਰ
ਆਪਣੀ ਹੋਂਦ ਖਾਤਿਰ
ਆਪਣੀ ਅਣਖ ਖਾਤਿਰ
ਲੜਦਿਆਂ ਮਰ ਜਾਣਾ
ਤੇ ਮਰ ਕੇ ਵੀ ਜੀਊਂਦੇ ਰਹਿਣਾ
ਆਪਣੀਆਂ ਆਉਣ ਵਾਲੀਆਂ, ਨਸਲਾਂ ਵਾਸਤੇ
ਪ੍ਰੇਰਨਾ ਬਣੇ ਰਹਿਣਾ
ਇਹੋ ਸਾਡਾ ਵਿਰਸਾ ਹੈ
ਇਹੋ ਸਾਡੀ ਵਿਰਾਸਤ
ਸਾਡੀ ਮਿੱਟੀ ਦੀ ਇਹੋ ਤਾਸੀਰ ਰਹੀ ਹੈ
ਇਸ ਤਾਸੀਰ ਨੂੰ ਜੀਊਂਦਾ ਰੱਖਣਾ
ਸਾਡੀ ਜ਼ੁੰਮੇਵਾਰੀ ਵੀ ਤਾਂ ਹੈ

ਇਹ ਕੋਈ ਸਾਧਾਰਨ ਜੰਗ ਨਹੀਂ
ਇਤਿਹਾਸ ਦਾ ਲੜ ਫੜਕੇ
ਬੈਠੇ ਹਨ ਸਾਰੇ
ਮਾਈ ਭਾਗੋ ਤੇ
ਮਾਤਾ ਗੁਲਾਬ ਕੌਰ ਦੀਆਂ ਵਾਰਸ ਬੀਬੀਆਂ
ਅੱਜ ਫੇਰ ਜੰਗ ਦੇ ਮੈਦਾਨ 'ਚ ਉਤਰੀਆਂ ਨੇ
ਕਰਤਾਰ ਸਿੰਘ ਸਰਾਭਾ, ਊਧਮ ਸਿੰਘ, ਭਗਤ ਸਿੰਘ ਦੇ ਵਾਰਿਸ
ਆਪਣੇ ਫ਼ਰਜ਼ਾਂ ਨੂੰ ਪਹਿਚਾਣ ਕੇ
ਧਨਵਾਨਾਂ ਦੇ ਆਖੇ ਲੱਗੀ
ਕਾਰਪੋਰੇਟੀ ਸੱਤਾ ਦੀ ਸਿਆਸਤ ਦੇ ਖ਼ਿਲਾਫ਼
ਨਾਬਰੀ ਦਾ ਹੋਕਾ ਉੱਚਾ ਹੋਇਆ ਹੈ

ਪਿੰਡਾਂ, ਕਾਲਜਾਂ, ਯੂਨੀਵਰਸਿਟੀਆਂ ਤੋਂ
ਏਥੇ ਪਹੁੰਚ ਗਏ ਹਨ
ਦਗਦੇ, ਮਘਦੇ ਚਿਹਰਿਆਂ ਤੇ
ਹੱਕ-ਸੱਚ ਦੇ ਨਾਅਰਿਆਂ ਨਾਲ
ਉਹ ਦੁੱਲਾ ਭੱਟੀ ਨੂੰ ਚੇਤੇ ਕਰਦੇ ਹਨ
ਪੂਰਨ ਪੁੱਤ ਹੁਣ ਸਾਧ ਨਹੀਂ ਹੁੰਦੇ
ਸੰਘਰਸ਼ੀ ਹੋ ਗਏ ਹਨ

ਪਿੰਡ ਠੰਢੀਆਂ, ਠਰੀਆਂ ਸੜਕਾਂ 'ਤੇ ਬੈਠਾ ਹੈ
ਸ਼ਹਿਰ ਵੀ ਨਾਲ ਸਾਥ ਦੇ ਰਿਹਾ ਹੈ
ਸਾਰਿਆਂ ਦਾ ਇਹ ਹੀ ਕਹਿਣਾ ਹੈ
ਅਸੀਂ ਆਪਣੀ ਮਿੱਟੀ ਦੇ ਮੋਹ ਲਈ
ਲੜਦੇ ਰਹਾਂਗੇ
ਆਪਣੇ ਆਖਰੀ ਸਾਹਾਂ ਤੱਕ

ਅਸੀਂ ਟੁੱਟ ਸਕਦੇ ਹਾਂ, ਪਰ
ਸਾਥੋਂ ਝੁਕ ਜਾਣ ਦੀ ਆਸ ਨਾ ਰੱਖਿਉ
ਸਾਡੀ ਮਿੱਟੀ ਦੇ ਮੋਹ ਦਾ
ਇਹੋ ਦਸਤੂਰ ਰਿਹਾ ਹੈ
ਅਸੀਂ ਆਪਣੇ ਦਸਤੂਰ ਦਾ
ਨਿਰਾਦਰ ਨਹੀਂ ਕਰਾਂਗੇ

ਇਹੋ ਸਾਡਾ ਪਰਚਮ ਰਿਹਾ ਹੈ
ਤੇ ਇਹੋ ਸਾਡਾ ਨਾਅਰਾ
ਆਪਣੇ ਹੱਕਾਂ ਖਾਤਰ ਡਟੇ ਰਵ੍ਹਾਂਗੇ
ਆਪਣੇ ਆਖਰੀ ਸਾਹਾਂ ਤੱਕ
ਅਸੀਂ ਲੜਾਂਗੇ, ਅਸੀਂ ਜਿੱਤਾਂਗੇ
ਨਿਰਾਦਰ ਨਹੀਂ ਕਰਾਂਗੇ

ਇਹੋ ਸਾਡਾ ਪਰਚਮ ਰਿਹਾ ਹੈ
ਤੇ ਇਹੋ ਸਾਡਾ ਨਾਅਰਾ
ਆਪਣੇ ਹੱਕਾਂ ਖਾਤਰ ਡਟੇ ਰਵ੍ਹਾਂਗੇ
ਆਪਣੇ ਆਖਰੀ ਸਾਹਾਂ ਤੱਕ
ਅਸੀਂ ਲੜਾਂਗੇ, ਅਸੀਂ ਜਿੱਤਾਂਗੇ ■

# ਅੰਬਰ ਦੇ ਅੱਥਰੂ

ਸੁਣਿਆਂ ਹੈ, ਦੇਖਿਆ ਹੈ
ਮਹਾ-ਮਾਨਵ ਵਰਗਾ ਕੋਈ
ਸਬਰ ਦਾ ਬੰਨ ਤੋੜ ਕੇ
ਸਿਦਕ ਦਾ ਲੜ ਫੜ ਕੇ
ਉੱਠਿਆ ਤੇ ਦਹਾੜਿਆ
ਧਰਤ ਝੰਜੋੜੀ ਗਈ
ਅੰਬਰ ਦਾ ਕੜ ਪਾਟਿਆ
ਤਾਂ ਕੁੱਝ ਅੱਥਰੂ ਡਿਗੇ

ਉਹ ਰੋਇਆ ਨਹੀਂ
ਧਰਤੀ ਵਰਗੇ, ਜਿਗਰੇ ਵਾਲੇ
ਸਿਦਕੀ ਰੋਂਦੇ ਨਹੀਂ ਹੁੰਦੇ
ਉਹਦੀ ਲਲਕਾਰ ਨੇ
ਚੁਫੇਰੇ ਗੂੰਜ ਪੈਦਾ ਕੀਤੀ
ਖਾਰੇ ਹੰਝੂਆਂ ਦੇ ਸੈਲਾਬ ਨਾਲ
ਅਸਮਾਨ ਸ਼ਰਮਿੰਦਾ ਹੋ ਗਿਆ
ਧਰਤੀ ਗੀਤ ਗਾਉਣ ਲੱਗੀ

ਲਾਵੇ ਵਰਗਾ, ਉਬਲਦਾ ਗੁੱਸਾ
ਆਕਾਸ਼ੀ ਬਿਜਲੀ ਵਾਂਗ
ਚੁਫੇਰੇ ਲਿਸ਼ਕੋਰ ਬਣ ਫੈਲਿਆ
ਦੂਰੋਂ-ਪਾਰੋਂ ਆਵਾਜ਼ਾਂ ਆਈਆਂ
ਜੀਅ ਓਏ ਯੋਧਿਆ, ਜੀਅ
ਘਾਬਰੀਂ ਨਾ, ਅਸੀਂ ਆਏ ਕਿ ਆਏ
'ਤੇ ਜੁੜ ਗਿਆ ਹਜੂਮ
ਧਰਤੀ ਦੇ ਜਾਇਆਂ ਦਾ
ਆਪਣਿਆਂ ਤੇ 'ਪਰਾਇਆਂ' ਦਾ
ਦੂਰ ਤੱਕ ਅਣਗਿਣਤ, ਬੇ-ਹਿਸਾਬ
ਧਰਤੀ ਤੋਂ ਅਸਮਾਨ ਤੱਕ
ਗੂੰਜਣ ਲੱਗਿਆ - ਟਿਕੈਤ, ਟਿਕੈਤ

ਵਿਰਸਾ ਜੀਵਤ ਹੋਇਆ
ਵਿਰਾਸਤ ਸਾਂਭੀ ਗਈ
ਜਿਹੜਾ ਭਾਈਚਾਰਾ ਕਦੇ
ਉਰੇ-ਪਰੇ ਹੋ ਗਿਆ ਸੀ
ਸਿਆਸੀ ਚਾਲਾਂ ਤੇ ਧੱਕੇ ਨਾਲ
ਵੰਡਿਆ ਹੋਇਆ ਸਾਂਝਾ ਸਮਾਜ
ਉਹ ਮੁੜ ਜੁੜ ਗਿਆ ਹੈ
ਕਿਰਤੀਆਂ ਦਾ ਭਾਈਚਾਰਾ
ਘਰਾਂ ਤੋਂ ਨਿਕਲ ਤੁਰੇ ਮਿਹਨਤੀ ਲੋਕ
ਆਪਣੇ ਹੱਕਾਂ ਦੀ ਰਾਖੀ ਲਈ
ਭਾਈਚਾਰਾ ਜੁੜ ਬੈਠਿਆ
ਸਾਂਝੇ ਨਾਅਰੇ ਉੱਚੇ ਹੋ ਰਹੇ ਹਨ
ਲਹਿਰ ਜਿੱਤ ਵੱਲ ਅੱਗੇ ਵਧ ਰਹੀ ਹੈ
ਹੁਣ ਅੰਬਰ ਵੀ
ਜਿੱਤ ਦਾ ਜਸ਼ਨ ਦੇਖੇਗਾ

ਸੂਰਬੀਰ ਟਿਕੈਤ ਨੇ
ਆਪਣੇ ਅੱਥਰੂਆਂ ਨਾਲ
ਉੱਜਲ ਭਵਿੱਖ ਦਾ
ਮੂੰਹ ਧੋ ਦਿੱਤਾ ਹੈ
ਆਸ ਦਾ - ਉਮੀਦ ਦਾ
ਬੂਹਾ ਖੜਕਾ ਦਿੱਤਾ ਹੈ
ਪਿੰਡਾਂ ਤੋਂ ਤੁਰੇ, ਹੋਰ ਕਿਰਤੀਆਂ ਦੇ ਜਥੇ
ਮੋਰਚਿਆਂ ਵਿਚ ਪਹੁੰਚ ਰਹੇ ਹਨ
ਸੰਘਰਸ਼ ਵਿਚ ਜੁੜ ਬੈਠਿਆਂ ਦੇ
ਨਾਅਰੇ ਹੋਰ ਉੱਚੇ ਹੋ ਗਏ ਹਨ
ਸਭ ਨੂੰ ਵਿਸ਼ਵਾਸ ਹੈ, ਜਲਦ ਹੀ
ਧਰਤ ਦੇ ਵਿਹੜੇ
ਜਿੱਤ ਦੀ ਧਮਾਲ ਪਵੇਗੀ
■

**-Kehar Sharif**
**Germany**
**ksharif@gmx.de**

# ਨਸ਼ਾ ਸੱਤਾ ਦਾ



ਬਲਵੀਰ ਢਿੱਲੋਂ
ਕੈਨੇਡਾ

ਅੱਜ ਆਖਾਂ ਮੋਦੀ ਸਰਕਾਰ ਨੂੰ
ਕਿਤੇ ਅੱਖਾਂ ਤੂੰ ਵੀ ਖੋਹਲ
ਲਾਹ ਕੇ ਨਸ਼ਾ ਸੱਤਾ ਦਾ ਵੈਰੀਆ
ਜਰਾ ਆਪਣਾ ਜਮੀਰ ਫਰੋਲ਼..

ਕਿਉਂ ਵੇਚ ਜਮੀਰਾਂ ਖਾ ਲਈਆਂ
ਦੇ ਕੇ ਅੰਬਾਨੀ
ਅਡਾਨੀ ਦੇ ਹੱਥ ਡੋਰ
ਇਹ ਮੁਲਕ ਸੋਨੇ ਦੀ ਚਿੜੀ ਸੀ
ਤੈਂ ਦਿੱਤਾ ਕੱਖਾਂ ਦੇ ਵਿੱਚ ਰੋਲ਼ ...

ਇੱਕੋ ਥਾਲ਼ੀ ਦੇ ਚੱਟੇ ਵੱਟੇ ਨੇ ਨੀਲੇ, ਕਾਲ਼ੇ,
ਚਿੱਟੇ ਬੈਠੇ ਨੇ ਸੱਭੇ ਚੋਰ
ਪਾਣੀ, ਬਿਜਲੀ, ਚਾਰੇ ਘੁਟਾਲ਼ੇ ਸਭ ਖਾ ਗਏ
ਇਹ ਸਭ ਭਰ ਕੇ ਬੈਠੇ ਆਪਣੇ ਢੋਲ...

ਜੋ ਪਹਿਲਾਂ ਹੀ ਸੀ ਮਰ ਰਿਹਾ
ਅੰਨਦਾਤਾ ਸਭ ਦੇ ਢਿੱਡ ਭਰ ਰਿਹਾ
ਤੂੰ ਵੱਢ ਦਿੱਤੇ ਹੱਥ ਓਸ ਦੇ
ਨੀ ਦਿੱਲੀਏ ਤੇਰੇ ਦਿਲ ਵਿੱਚ ਚੋਰ...

ਏਥੇ ਧੀਆਂ ਦੀਆਂ ਪੱਤਾਂ ਰੁਲ਼ਦੀਆਂ
ਰੁਲ਼ਦੀਆਂ ਸ਼ਰੇਆਮ ਸੱਤਾ ਦੇ ਜੋਰ
ਇਹ ਗੁਰੂਆਂ ਪੀਰਾਂ ਦੀ ਧਰਤੀ ਸੀ
ਰਾਜ ਕਰਦੇ ਨੇ ਇਸ ਤੇ ਕਾਤਲ ਤੇ ਚੋਰ..

ਏਥੇ ਸਾਸ਼ਨ ਤੇ ਪ੍ਰਸਾਸ਼ਨ
ਅੰਨਾ, ਗੂੰਗਾ, ਬੋਲ਼ਾ ਤੇ ਨਿਰਾ ਕੋਹੜ
ਤਾਨਾਸ਼ਾਹ ਨੇ ਜਿੱਥੇ ਹਕੂਮਤਾਂ ਮਾੜੇ ਬੰਦੇ ਦਾ ਚੱਲਦਾ ਨਹੀਂ ਜੋਰ ...

ਗਰੀਬ ਗੁਰਬਾ ਭੁੱਖਾ ਮਰ ਰਿਹਾ

ਅਮੀਰ ਤਾਕਤਵਰ ਹੋ ਗਿਆ ਹੋਰ
ਲੋਕੀਂ ਬੇਵੱਸ ਤੇ ਲਾਚਾਰ ਨੇ
ਦੇ ਕੇ ਤੇਰੇ ਹੱਥ ਵਿੱਚ ਦੇਸ਼ ਦੀ ਡੋਰ ...

ਅੱਜ ਆਖਾਂ ਮੋਦੀ ਸਰਕਾਰ ਨੂੰ ਕਿਤੇ ਅੱਖਾਂ ਤੂੰ ਵੀ ਖੋਹਲ
ਲਾਹ ਕੇ ਨਸ਼ਾ ਸੱਤਾ ਦਾ ਵੈਰੀਆ
ਜਰਾ ਆਪਣਾ ਜਮੀਰ ਫਰੋਲ਼...
■

# ਤਾਨਾਸ਼ਾਹੀ

ਬੂਛਾੜਾਂ ਤੇਰੀਆਂ
ਲਾਠੀਆਂ ਤੇਰੀਆਂ ,
ਅੱਥਰੂ ਗੈਸ ਦੇ ਗੋਲ਼ੇ ਤੇਰੇ
ਭੁੱਖਿਆਂ ਤੱਕ ਜੋ ਵੰਡਦੇ ਲੰਗਰ
ਤੈਨੂੰ ਲੱਗਦੇ ਅੱਤਵਾਦੀ ਨੇ ਜਿਹੜੇ...

ਨਿਹੱਥਿਆਂ ਉੱਤੇ ਵਰਾਵੇਂ ਡਾਂਗਾਂ
ਸੁੱਤਿਆਂ ਉੱਤੇ ਪੱਥਰ ਤੇ ਰੋੜੇ
ਇਹ ਕੈਸੀ ਹੈ ਨੀਤੀ ਤੇਰੀ
ਸੁੱਟੇਂ ਪਟਰੋਲ ਬੰਬ ਤੂੰ ਜਿਹੜੇ ...

ਘਟੀਆ ਤੇਰੀਆਂ ਨੀਤੀਆਂ ਸਰਕਾਰੇ
ਸਾਡੇ ਹੱਕਾਂ ਤੇ ਡਾਕੇ ਮਾਰੇਂ
ਅਸੀਂ ਚੜਾਈਏ ਫੁੱਲ ਸਿਦਕਾਂ ਤੇ
ਤੂੰ ਸਾਡੀਆਂ ਬੱਖੀਆਂ ਉਧੇੜੇਂ ...

ਅੰਨਾ, ਗੂੰਗਾ, ਬੋਲ਼ਾ ਏਂ ਤੂੰ
ਝੂਠਿਆ ਲੱਗਣ ਪੈਰ ਨਾ ਤੇਰੇ
ਪਰਖੇਂ ਸਬਰ ਅਸਾਡੇ ਹੁਣ ਤੂੰ
ਹਾਕਮਾਂ ਘਟੀਆ ਚਾਲੇ ਤੇਰੇ

ਦੇਸ਼ ਕੰਗਾਲ਼ ਤੈਂ ਕੀਤਾ ਸਾਰਾ
ਲਾ ਕੇ ਫਿਰਦੈਂ ਤੂੰ ਕਿੰਨੇ ਚੇਹਰੇ
ਤਾਨਾਸ਼ਾਹੀ ਤੋਂ ਅੱਕੇ ਲੋਕੀਂ
ਆਕੇ ਬਹਿ ਗਏ ਸੜਕਾਂ ਤੇ ਜਿਹੜੇ...

ਬੂਛਾੜਾਂ ਤੇਰੀਆਂ
ਲਾਠੀਆਂ ਤੇਰੀਆਂ
ਅੱਥਰੂ ਗੈਸ ਦੇ ਗੋਲ਼ੇ ਤੇਰੇ
ਭੁੱਖਿਆਂ ਤੱਕ ਜੋ ਵੰਡਦੇ ਲੰਗਰ
ਤੈਨੂੰ ਲੱਗਦੇ ਅੱਤਵਾਦੀ ਨੇ ਜਿਹੜੇ...■

**-Balvir Dhillon**
**Canada**
**778-895-9810**

# ਅੰਦੋਲਨ ਮੇਲਾ ਨਹੀਂ ਹੁੰਦੇ



ਦੇਵਿੰਦਰ ਕੌਰ
ਯੂ.ਕੇ.

ਕਵਿਤਾ ਦਾ ਮੈਨੂੰ ਇਕ ਸਵਾਲ ਹੈ-
ਅੰਦੋਲਨ ਤੇ ਮੇਲੇ ਵਿਚ ਫ਼ਰਕ ਕੀ ਹੈ

ਮੈਂ ਸੋਚ ਵਿਚ ਪੈ ਜਾਂਦੀ ਹਾਂ

ਕਿਸਾਨੀ ਅੰਦੋਲਨ
ਜਿਸਦੇ ਜ਼ਖ਼ਮ ਅਜੇ ਵੀ ਰਿਸ ਰਹੇ ਹਨ

ਅਜੇ ਵੀ ਸ਼ਹੀਦ ਹੋਏ, ਅੰਦੋਲਨਕਾਰੀ
ਜਿਨ੍ਹਾਂ ਨੂੰ ਤੂੰ ਅੰਦੋਲਨਜੀਵੀ ਆਖ
ਉਹਨਾਂ ਦਾ ਮਜ਼ਾਕ ਉਡਾਇਆ ਸੀ

ਪਾਰਲੀਮੈਂਟ ਦੀ ਭਰੀ ਸਭਾ
ਕੁਝ ਹੱਸ ਰਹੇ ਸਨ
ਤੇਰੇ ਬੋਲਾਂ ਦੀ ਹਾਮੀ ਭਰ ਰਹੇ

ਕੁਝ ਮਾਯੂਸ ਹੋਏ
ਤੇਰੇ ਇਹਨਾਂ ਬੋਲਾਂ ਤੇ

ਭਾਵੇਂ ਕਿ, ਤੂੰ, ਆਪ ਹੀ
ਇਹਨਾਂ ਅੰਦੋਲਨਕਾਰੀਆਂ ਸਾਹਵੇਂ
ਗੋਡੇ ਟੇਕ ਦਿੱਤੇ ਹਨ

ਆਪਣੇ ਹੀ ਬਣਾਏ
ਕਾਲੇ ਕਾਨੂੰਨਾਂ ਤੇ ਕਾਟਾ ਫੇਰ
ਤੂੰ ਸਾਬਤ ਕਰ ਦਿੱਤਾ ਹੈ
ਤੇਰਾ ਅੰਦੋਲਨਕਾਰੀਆਂ ਨੂੰ
ਅੰਦੋਲਨਜੀਵੀ ਕਿਹਾ ਮਜ਼ਾਕ
ਮੂਧੇ ਮੂੰਹ ਪੈ ਗਿਆ ਹੈ

ਕਈ ਸ਼ਾਇਰਾਂ ਨੇ

ਇਸਨੂੰ, ਮੇਲਾ ਆਖਿਆ
ਕਈ ਸਿਆਸਤਦਾਨਾਂ, ਇਸਨੂੰ
ਆਤੰਕੀਆਂ ਦਾ ਅੱਡਾ ਬਣਾ ਦਿੱਤਾ
ਪਰ ਅੰਦੋਲਨਕਾਰੀ ਕਿਸਾਨ ਸਨ
ਧਰਤੀ ਦੇ ਪੁੱਤਰ
ਜਿਨ੍ਹਾਂ ਦੀਆਂ ਜੜ੍ਹਾਂ ਵਿਚ
ਸਦੀਆਂ ਦੀ ਮਿਹਨਤ ਦਾ
ਇਤਿਹਾਸ ਹੈ

ਸ਼ਹੀਦ ਹੋਏ ਮਾਂ-ਜਾਇਆਂ ਦਾ ਵਿਸ਼ਵਾਸ ਹੈ
ਮੇਲੇ, ਤਾਂ, ਛਿੰਨ ਭੰਗਰ ਦਾ ਹੁੰਦੇ
ਖਿੰਡ ਖਿੰਡਾ ਜਾਂਦੇ

ਅੰਦੋਲਨ, ਮੇਲੇ ਨਹੀਂ
ਮਨੁੱਖੀ ਹੋਂਦ ਦੀ ਧਰਮਸਾਲ ਹੁੰਦੇ ਹਨ
ਜਿਸ ਵਿਚ ਆਰਤੀਆਂ ਹੁੰਦੀਆਂ ਹਨ
ਲੰਗਰ ਪੱਕਦੇ ਹਨ
ਅਕੀਦੇ ਪ੍ਰਪੱਕ ਹੁੰਦੇ ਹਨ
ਜ਼ਾਲਮ ਨਾਲ ਸੰਵਾਦ ਹੁੰਦਾ ਹੈ
ਜ਼ੁਲਮ ਨਾਲ ਆਢਾ ਲਗਦਾ ਹੈ
ਹਿੰਮਤ ਤੇ ਵਿਸ਼ਵਾਸ ਸਰ ਹੁੰਦੇ ਹਨ
ਅੰਦੋਲਨ, ਮੇਲੇ ਨਹੀਂ ਹੁੰਦੇ
ਇਹ ਸਿਦਕ ਦਾ ਇਮਿਤਹਾਨ ਹੁੰਦੇ ਹਨ
ਪੁਰਖਿਆਂ ਦੀ ਲਾਜ ਦਾ ਸਰੂਰ ਹੁੰਦੇ ਹਨ
ਨਸਲਾਂ ਦੇ ਬਚਾਉ ਦਾ ਸੰਵਿਧਾਨ ਹੁੰਦੇ ਹਨ
ਅੰਦੋਲਨ, ਮੇਲਾ ਨਹੀਂ ਹੁੰਦੇ
■

**-Davinder Kaur**
**Wolverhampton, UK**
**within_light@yahoo.co.uk**

# ਪੁੱਤ ਖੇਤਾਂ ਦੇ



ਸਲੀਮ ਪਾਸ਼ਾ
ਕੈਨੇਡਾ

ਪੁੱਤ ਖੇਤਾਂ ਦੇ ਇੰਝ ਨ, ਤੂੰ ਰੋਲ ਦਿੱਲੀਏ
ਦਿਲ ਦੀਆਂ ਬਾਹਵਾਂ, ਅੱਜ ਖੋਲ੍ਹ ਦਿੱਲੀਏ
ਕੱਢ ਦੇ, ਮੁਕਾ ਦੇ, ਕੌੜ ਸਾਰੀ ਦਿਲ ਦੀ
ਮਿੱਠੇ ਜਿਹੇ ਬੋਲ, ਸਾਨੂੰ ਬੋਲ ਦਿੱਲੀਏ
ਪੁੱਤ ਖੇਤਾਂ ਦੇ ਇੰਝ...........

ਮੰਨਾਂਗੇ ਨ ਕਦੀ ਵੀ, ਕਾਨੂੰਨ ਉਹ ਬੱਲੀਏ
ਕਰਦਾ ਏ ਕਿਸਾਨਾਂ ਦਾ, ਖ਼ੂਨ ਜੋ ਬੱਲੀਏ
ਸਾਡੇ ਨਾਲ ਬਹਿਜਾ, ਕਰ ਹਿਸਾਬ ਤੇ ਕਿਤਾਬ
ਲੈ ਕੇ ਜਾਣਾ ਤੇਰੇ ਤੋਂ, ਜਵਾਬ ਦਿੱਲੀਏ
ਪੁੱਤ ਖੇਤਾਂ ਦੇ ਇੰਝ............

ਪੰਜ ਦਰਿਆਵਾਂ ਦੀ, ਧਰਤੀ ਦੇ ਜਾਏ ਨੀ
ਖੇਤਾਂ ਨੂੰ ਛੱਡ ਬਿੱਲੋ, ਤੇਰੇ ਕੋਲ ਆਏ ਨੀ
ਹੱਕ ਹੁਣ ਅਸੀਂ ਇੱਥੋਂ, ਲੈ ਕੇ ਜਾਵਾਂਗੇ
ਤੂੰ ਵੀ ਕੰਨ ਖੋਲ੍ਹ ਕੇ, ਸੁਣ ਲੈ ਦਿੱਲੀਏ
ਪੁੱਤ ਖੇਤਾਂ ਦੇ ਇੰਝ............
■

**-Saleem Pasha**
**Toronto, Canada**
**647-470-0981**

# ਜਵਾਨ ਤੇ ਕਿਰਸਾਨ



ਬੂਟਾ ਸਿੰਘ ਮਾਨ
ਇੰਡੀਆ

ਛੱਡੇ ਘਰ ਤੇ ਘਰੋਂ ਜਵਾਨ ਚੱਲੇ ਨੇ
ਤੁਰੇ ਕਾਫ਼ਲੇ ਵੇਖੋ ਕਿਰਸਾਨ ਚੱਲੇ ਨੇ

ਧੱਕਾ ਮੁੱਢ ਤੋਂ ਸਹਿੰਦਾ ਇਹ ਪੰਜਾਬ ਆਇਆ ਏ
ਵਸਦਾ ਗੁਰਾਂ ਦੇ ਨਾਂ ਤੇ ਇਹ ਜਵਾਬ ਆਇਆ ਏ
ਕੀਤੇ ਦੁਸ਼ਮਣਾਂ ਨੇ ਇਸ ਤੇ ਬਹੁਤ ਹੱਲੇ ਨੇ

ਛੱਡੇ ਘਰ ਤੇ ਘਰੋਂ ਜਵਾਨ ਚੱਲੇ ਨੇ
ਤੁਰੇ ਕਾਫ਼ਲੇ ਵੇਖੋ ਕਿਰਸਾਨ ਚੱਲੇ ਨੇ

ਕ੍ਰਾਂਤੀ ਪੰਜਾਬ ਕਰਕੇ ਈ ਦੁਨੀਆਂ ਤੇ ਆਈ ਏ
ਸਿਰ ਦੇ ਕੇ ਬਾਜ਼ੀ ਇਹਨੇ ਦੁਨੀਆਂ 'ਚ ਲਾਈ ਏ
ਹਿੱਕਾਂ ਡਾਹ ਕੇ ਇਹਨੇ ਅੱਗ ਦੇ ਵਰੋਲੇ ਠੱਲੇ ਨੇ

ਛੱਡੇ ਘਰ ਤੇ ਘਰੋਂ ਜਵਾਨ ਚੱਲੇ ਨੇ
ਤੁਰੇ ਕਾਫ਼ਲੇ ਵੇਖੋ ਕਿਰਸਾਨ ਚੱਲੇ ਨੇ

ਆਜ਼ਾਦੀ ਦੇਸ਼ ਦੀ ਵਿੱਚ ਇਹਨੇ ਹਿੱਸਾ ਪਾਇਆ ਏ
ਰਿਸ਼ਤਾ ਮੁਹੱਬਤਾਂ ਵਾਲਾ ਇਹਨੇ ਦਿਲ ਤੋਂ ਨਿਭਾਇਆ ਏ
ਮੋਰਚੇ ਦੁਸ਼ਮਣ ਨੂੰ ਹਰਾਉਣ ਲਈ ਹਿੰਮਤਾਂ ਨਾਲ ਮੱਲੇ ਨੇ

ਛੱਡੇ ਘਰ ਤੇ ਘਰੋਂ ਜਵਾਨ ਚੱਲੇ ਨੇ
ਤੁਰੇ ਕਾਫ਼ਲੇ ਵੇਖੋ ਕਿਰਸਾਨ ਚੱਲੇ ਨੇ

'ਮਾਨਾਂ' ਮਾਨ ਦੇਸ਼ ਨੂੰ ਰਹਿਣਾ ਸਦਾ ਕਿਰਸਾਨਾਂ ਤੇ
ਡਿਊਟੀ ਬਾਡਰ ਤੇ ਨਿਭਾਉਂਦੇ ਫੌਜੀ ਜਵਾਨਾਂ ਤੇ
ਇੱਕੋ ਝੰਡੇ ਥੱਲੇ ਕੱਠੇ ਹੋਏ ਨਾ ਹੁਣ ਕੱਲੇ ਨੇ

ਛੱਡੇ ਘਰ ਤੇ ਘਰੋਂ ਜਵਾਨ ਚੱਲੇ ਨੇ
ਤੁਰੇ ਕਾਫ਼ਲੇ ਵੇਖੋ ਕਿਰਸਾਨ ਚੱਲੇ ਨੇ
■

# ਏਕੇ ਨਾਲ

ਵੱਡੇ ਵੱਡੇ ਤਖ਼ਤ ਉਹਨਾਂ ਏਕੇ ਨਾਲ ਹਿਲਾਏ ਨੇ
ਸੱਚ ਦੀ ਹੋਈ ਜਿੱਤ ਦਿਨ ਕਿਰਤੀਆਂ ਦੇ ਆਏ ਨੇ

ਮਿਹਨਤ ਵਾਲੀ ਕਮਾਈ ਨੂੰ ਉਹਨਾਂ ਹੁਣ ਲੁੱਟਣ ਨੀ ਦੇਣਾ
ਬੱਜਿਆ ਏਕੇ ਵਾਲਾ ਸੂਤਰ ਉਹਨਾਂ ਹੁਣ ਟੁੱਟਣ ਨੀ ਦੇਣਾ
ਮਹਿਲਾਂ ਵਾਲਿਆ ਦੇ ਪਸੀਨੇ ਵੇਖੋ ਮੱਥਿਆਂ ਤੇ ਆਏ ਨੇ
ਵੱਡੇ ਵੱਡੇ ਤਖ਼ਤ.....

ਉਹ ਦਿਲੋਂ ਧਾਰਦੇ ਨੇ ਉਹ ਜੋ ਵੀ ਧਾਰਦੇ ਨੇ
ਵਿੱਚ ਮੈਦਾਨੇ ਆ ਕੇ ਉਹ ਕਦੇ ਨਾ ਹਾਰਦੇ ਨੇ
ਸੂਰਬੀਰਾਂ ਦੇ ਗੀਤ ਉਹਨਾਂ ਰਲ ਮਿਲ ਕੇ ਗਾਏ ਨੇ
ਵੱਡੇ ਵੱਡੇ ਤਖ਼ਤ ਉਹਨਾਂ ਏਕੇ ਨਾਲ ਹਿਲਾਏ ਨੇ
ਸੱਚ ਦੀ ਹੋਈ ਜਿੱਤ.....

ਸੱਚ ਦਾ ਝੰਡਾ ਉਹਨਾਂ ਮੁੱਢ ਤੋਂ ਚੱਕਿਆ ਏ
ਫ਼ੈਸਲਾ ਅਟੱਲ ਉਹਨਾਂ ਹਰ ਵੇਲੇ ਰੱਖਿਆ ਏ
ਚਿਹਰੇ ਉਹਨਾਂ ਦੇ ਨਾਂ ਕਦੇ ਕੁਮਲਾਏ ਨੇ
ਵੱਡੇ-ਵੱਡੇ ਤਖ਼ਤ ਉਹਨਾਂ ਏਕੇ ਨਾਲ ਹਿਲਾਏ ਨੇ
ਸੱਚ ਦੀ ਹੋਈ ਜਿੱਤ.....

ਹੱਕ ਬਰਾਬਰੀ ਵਾਲਾ ਉਹਨਾਂ ਮੁੱਢ ਤੋਂ ਮੰਗਿਆ ਏ
ਰੰਗਾਂ ਉਹਦਿਆਂ ਵਿੱਚ ਹਰ ਕਿਰਤੀ ਰੰਗਿਆ ਏ
ਜੈ ਜਵਾਨ, ਜੈ ਕਿਸਾਨ ਦੇ ਉਹਨਾਂ ਨਾਅਰੇ ਲਾਏ ਨੇ
ਵੱਡੇ-ਵੱਡੇ ਤਖ਼ਤ ਉਹਨਾਂ ਏਕੇ ਨਾਲ ਹਿਲਾਏ ਨੇ
ਸੱਚ ਦੀ ਹੋਈ ਜਿੱਤ.....

ਏਕੇ ਵਾਲਾ ਸੁਨੇਹਾ ਉਹਨਾਂ ਘਰ-ਘਰ ਘੱਲਣਾ ਏ
ਹੱਕ ਲਏ ਬਿਨ੍ਹਾਂ ਨਾ 'ਮਾਨਾਂ' ਹੁਣ ਕਿਰਤੀਆਂ ਹੱਲਣਾ ਏ
ਜਿੱਤ ਦੇ ਨਗਾੜੇ ਉਹਨਾਂ ਹਰ ਵਾਰ ਵਜਾਏ ਨੇ
ਵੱਡੇ-ਵੱਡੇ ਤਖ਼ਤ ਉਹਨਾਂ ਏਕੇ ਨਾਲ ਹਿਲਾਏ ਨੇ
ਸੱਚ ਦੀ ਹੋਈ ਜਿੱਤ.....■

**-Buta Singh Maan**
**Mansa, Pb, India**
**95013-53305**

# ਦਿੱਲੀ ਦੇ ਵਿੱਚ ਚੜ੍ਹ ਗਿਆ ਸੂਰਜ



ਪਿਆਰਾ ਸਿੰਘ ਕੁੱਦੋਵਾਲ
ਕੈਨੇਡਾ

ਦਿੱਲੀ ਦੇ ਵਿੱਚ ਚੜ੍ਹ ਗਿਆ ਸੂਰਜ
ਮੋਦੀ ਮੂਹਰੇ ਅੜ੍ਹ ਗਿਆ ਸੂਰਜ

ਲੋਕ ਦਿਲਾਂ ਨੂੰ ਰੌਸ਼ਨ ਕਰਕੇ
ਦਿੱਲੀ ਘੇਰ ਕੇ ਖੜ ਗਿਆ ਸੂਰਜ

ਕਾਲੇ ਤਿੰਨ ਕਨੂੰਨ ਨਾ ਮੰਨਣੇ
ਹਿੱਕ ਤੇ ਜਾ ਕੇ ਚੜ੍ਹ ਗਿਆ ਸੂਰਜ

ਰਾਜਸਥਾਨ ਹਰਿਆਣਾ ਸ਼ਾਮਲ
ਯੂ.ਪੀ. ਤੇ ਬਿਹਾਰ ਦੇ ਸੂਰਜ

ਲੈ ਕੇ ਤਾਮਿਲ ਤੇ ਬੰਗਾਲ, ਨਾਲ
ਪੰਜਾਬ ਦੇ ਖੜ੍ਹ ਗਿਆ ਸੂਰਜ

ਕੁੰਢਲੀ ਟਿੱਕਰੀ ਕਾਲਜ ਹੋਏ
ਵਿੱਚ ਮੋਰਚੇ ਪੜ੍ਹ ਗਿਆ ਸੂਰਜ

ਦੇਸ ਵਿਦੇਸ ਦੀ ਚੇਤੰਨਤਾ ਵਿੱਚ
ਹੱਕ ਆਜ਼ਾਦੀ ਭਰ ਗਿਆ ਸੂਰਜ

ਕਿਸਾਨਾਂ ਤੰਬੂ ਪੱਕੇ ਗੱਡੇ
ਟਰਾਲੀ ਟੈਂਟ 'ਚ ਵੜ ਗਿਆ ਸੂਰਜ

ਗਾਇਕ ਰਾਗੀ ਢਾਢੀ ਵਕਤਾ
ਅਦਾਕਾਰ ਬਣ ਰੜ੍ਹ ਗਿਆ ਸੂਰਜ

ਵੈਦ ਵਕੀਲ ਵਿਦਵਾਨ ਆ ਗਏ
ਕਿੰਨਾ ਕੁੱਝ ਹੀ ਪੜ੍ਹ ਗਿਆ ਸੂਰਜ

ਬੱਚੇ ਮਾਵਾਂ ਧੀਆਂ ਭੈਣਾਂ
ਤੱਕ ਬੁੱਢੇਪਾ ਠਰ ਗਿਆ ਸੂਰਜ

ਰਾਤ ਦਿਨ ਰਹੇ ਲੰਗਰ ਪੱਕਦੇ
ਭੁੱਖਾ ਤੇ ਨਹੀਂ ਮਰ ਗਿਆ ਸੂਰਜ

ਕਿਸਾਨਾਂ ਮਜ਼ਦੂਰਾਂ ਏਕਾ ਕੀਤਾ
ਨਾਲ ਖੁਸ਼ੀ ਦੇ ਭਰ ਗਿਆ ਸੂਰਜ
■

# ਤੂੰ ਕਿੱਲ ਗੱਡੇਂ ਅਸੀਂ ਫੁੱਲ ਬੀਜੀਏ

ਤੂੰ ਕਿੱਲ ਗੱਡੇਂ ਅਸੀਂ ਫੁੱਲ ਬੀਜੀਏ
ਮਹਿਕਾਂ ਦੇ ਨਾਲ ਭਰੀਆਂ ਸੜਕਾਂ

ਤੂੰ ਲੁੱਟੇਂ ਤੇ ਨਿਹੱਥੇ ਕੁੱਟੇਂ
ਸਾਡੇ ਲਹੂ ਨਾਲ ਭਰੀਆਂ ਸੜਕਾਂ

ਗਰਮੀ ਸਰਦੀ ਸਹਿ ਕੇ ਤਨ ਤੇ
ਦਰਦ ਦੁਆ ਨਾਲ ਭਰੀਆਂ ਸੜਕਾਂ

ਸਾਰੇ ਧਰਮ ਰਲਗੱਡ ਹੋਏ
ਮਾਨਵਤਾ ਨਾਲ ਭਰੀਆਂ ਸੜਕਾਂ

ਮਾਨਵਵਾਦ ਦਾ ਧਰਮ ਚਲਿਆ
ਅਹਿੰਸਾਵਾਦ ਨਾਲ ਖੜੀਆਂ ਸੜਕਾਂ

ਰੰਗ ਜਾਤ ਇਕ ਧਰਮ 'ਕਿਸਾਨੀ'
ਸੱਚਾ ਸਬਕ ਨਾਲ ਪੜ੍ਹੀਆਂ ਸੜਕਾਂ

ਛਾਲ ਮਾਰ ਸਿੰਘ ਚੜ੍ਹ ਗਿਆ ਉੱਤੇ
ਜਲ-ਤੋਪਾਂ ਨਾਲ ਲੜੀਆਂ ਸੜਕਾਂ

ਲੋਕ ਰੋਹ ਨੇ ਤੋੜੇ ਬੈਰੀਕੇਢ
ਦਿੱਲੀ ਜਾਣਾ ਨਾਲ ਖੜੀਆਂ ਸੜਕਾਂ

ਪੂਰੇ ਟੋਏ ਢਾਹੀਆਂ ਰੋਕਾਂ
ਟਰੈਕਟਰ ਘੂਰੇ ਡਰੀਆਂ ਸੜਕਾਂ

ਲਾਲ ਕਿਲ੍ਹਾ ਵੀ ਜਿੱਤ ਮਾਰਿਆ
ਨਿਸ਼ਾਨ ਸਾਹਿਬ ਤੱਕ ਸੜੀਆਂ ਸੜਕਾਂ

ਸੜਕਾਂ ਹੱਕ ਇਨਸਾਫ ਦਾ 'ਖਾੜਾ

ਵਿਦਿਆ ਦੇ ਨਾਲ ਭਰੀਆਂ ਸੜਕਾਂ

ਤੂੰ ਕਿੱਲ ਗੱਡੇਂ ਅਸੀਂ ਫੁੱਲ ਬੀਜੀਏ
ਮਹਿਕਾਂ ਦੇ ਨਾਲ ਭਰੀਆਂ ਸੜਕਾਂ
■

-Piara Singh Kudowal
Brampton, Canada
647-278-4477

# ਮੈਂ ਵੀ ਉਨ੍ਹਾਂ ਦੇ ਨਾਲ ਹੀ ਸਾਂ



ਡਾ. ਅਮਰਜੀਤ ਟਾਂਡਾ
ਅਸਟਰੇਲੀਆ


ਮੈਂ ਵੀ ਉਨ੍ਹਾਂ ਦੇ ਨਾਲ ਹੀ ਸਾਂ
ਸੜਕ ਬਣਿਆ
ਉਨ੍ਹਾਂ ਦੇ ਨੰਗੇ ਪੈਰਾਂ ਤਲੇ
ਜਿਨ੍ਹਾਂ ਚੋਂ ਖ਼ੂਨ ਦੇ ਤੁਪਕੇ ਸਿਮ ਰਹੇ ਸਨ
ਮੈਂ ਫ਼ਿਕਰ ਬਣਿਆ ਉਨ੍ਹਾਂ ਦੇ ਰਾਹਾਂ ਦਾ
ਮੰਜ਼ਿਲ ਮੇਰੇ ਹੱਥਾਂ ਚ ਖੇਡ ਰਹੀ ਸੀ
ਮੈਂ ਉਨ੍ਹਾਂ ਦੇ ਮੂਹਰੇ ਵਿਛਾਉਂਦਾ ਗਿਆ
ਬਹੁਤ ਮੁਸ਼ਕਿਲ ਹੁੰਦਾ ਹੈ
ਭੁੱਖੇ ਪੇਟ ਨਾਲ ਮੰਜ਼ਲਾਂ ਨੂੰ ਲੱਭਣਾ ਤੇ ਮੀਲ ਪੱਥਰਾਂ ਨੂੰ ਲੱਭਣਾ ਤੇ
ਆਂਦਰਾਂ ਦੇ ਵਿਚ ਤਾਰਨਾ
ਭੁੱਖੀਆਂ ਕਿੰਜ ਮੁੱਕੀਆਂ ਹੋਣਗੀਆਂ ਵਾਟਾਂ
ਸੜਕਾਂ ਨੂੰ ਇਹ ਵੀ ਫਿਕਰ ਸੀ
ਲੋਕ ਇਹੋ ਜੀ ਯਾਤਰਾ
ਜ਼ਿੰਦਗੀ ਭਰ ਨਹੀਂ ਮੰਗਦੇ
ਓਦੋਂ ਨਾ ਦਿਨ ਸੁੱਤੇ ਸਨ ਨਾ ਹੀ ਰਾਤਾਂ ਨੰਨ੍ਹਿਆਂ ਨੇ ਦੁੱਧ ਦੀਆਂ ਉਦਾਸੀਆਂ
ਵਿੱਚ ਦੀ ਝਾਕਿਆ
ਬੱਚਿਆਂ ਦੇ ਸੁਪਨਿਆਂ ਵਰਗਾ
ਕੁਝ ਵੀ ਨਹੀਂ ਸੀ ਰਾਤਾਂ ਵਿੱਚ
ਤੁਸੀਂ ਕੀ ਜਾਣੋ
ਕਿ ਕਿੰਜ ਸੁੱਤੇ ਹੋਣਗੇ ਥੱਕੇ ਟੁੱਟੇ ਸੂਰਜ
ਕਿਸੇ ਦਿਨ ਨਾ ਰਾਤ ਨੇ
ਉਨ੍ਹਾਂ ਦਾ ਜ਼ਿਕਰ ਤੱਕ ਨਾ ਕੀਤਾ
ਜੇਬਾਂ ਵਿਚ ਕੁਝ ਘਰਾਂ ਦੀ ਭੁੱਖ ਸੀ
ਕੁਝ ਆਪਣਿਆਂ ਨੂੰ ਮਿਲਣ ਦਾ ਚਾਅ
ਪੈਂਡਾ ਮੁੱਕਦਾ ਗਿਆ
ਤੇ ਮੰਜ਼ਲ ਨੇੜੇ ਆਉਂਦੀ ਗਈ
■

# ਜ਼ਰਾ ਥੱਕ ਗਿਆ ਹਾਂ

ਜ਼ਰਾ ਥੱਕ ਗਿਆ ਹਾਂ
ਦੋ ਪਲ ਸਾਹ ਲੈ ਲਵਾਂ
ਆਹ ਲੈ ਮੇਰੇ ਪੈਰਾਂ ਦੇ ਘੁੰਗਰੂ
ਜਾਂਦੇ ਰਾਹੀਆਂ ਦੇ ਪੈਰਾਂ ਨੂੰ ਬੰਨ੍ਹ ਦੇ
ਮੰਜ਼ਿਲਾਂ ਲਿਖ ਦੇ ਉਹਨਾਂ ਦੇ ਪੱਬਾਂ 'ਤੇ
ਅਰਸ਼ ਤੱਕਣ ਲਈ
ਮੇਰੀਆਂ ਨਜ਼ਰਾਂ ਤਾਰਿਆਂ ਨੂੰ ਫੜਾ ਦੇ
ਹੱਥ ਹੱਕ ਮੰਗਦੇ ਹੱਥਾਂ ਨੂੰ ਦੇ ਦੇਵੀਂ
ਮੇਰੀ ਨਜ਼ਮ ਦੀ ਆਵਾਜ਼
ਟੁੱਕੀਆਂ ਜੀਭਾਂ 'ਤੇ ਧਰ ਆਵੀਂ
ਮੱਥੇ ਦੀ ਸੋਚ
ਚੁਆ ਆਵੀਂ ਮੁਸ਼ਕਤ ਕਰਦੀਆਂ
ਗੁਰਬਤ ਨਾਲ ਜੂਝਦੀਆਂ
ਬਸਤੀਆਂ ਦੀ ਕਾਲੀ ਗਲੀ ਵਿੱਚ
ਲੋਅ ਜੋ ਕਦੇ ਜਗਾਵੇਗੀ
ਸੁੱਤੇ ਸੂਰਜ ਨੂੰ
ਰਿਸ਼ਮਾਂ ਨਾਲ ਇਤਿਹਾਸ ਲਿਖਣ ਲਈ
ਜੋ ਅਜੇ ਮੇਰੇ ਬੱਚਿਆਂ ਨੇ ਪੜ੍ਹਨਾ ਹੈ
ਕਿਸੇ ਸਿਲੇਬਸ ਵਿਚ
ਟੰਗਣਾਂ ਹੈ ਕਿਸੇ ਅੰਬਰ ਦੀ ਦੀਵਾਰ 'ਤੇ
ਜ਼ਰਾ ਥੱਕ ਗਿਆ ਸੀ
ਦੋ ਪਲ ਸਾਹ ਲੈ ਲਵਾਂ
ਰਲਦਾ ਹਾਂ ਤੇਰੇ ਨਾਲ
ਕਾਫਲਾ ਜਰਾ ਵੱਡਾ ਕਰ ਲਈਏ
ਰਲ ਕੇ ਚੱਲੀ ਦਾ
ਮਿਲ ਕੇ ਲੜੀਦੇ ਨੇ ਯੁੱਧ
■

**-Dr. Amarjit Tanda**
**Australia**
**drtanda101@gmail.com**

# ਹੱਕ ਸੱਚ ਦਾ ਬਿਗ਼ਲ



ਅਮਰੀਕ ਪਲਾਹੀ
ਕੈਨੇਡਾ

ਇਹ ਅੰਦੋਲਨ ਹੱਕ ਦਾ, ਇਤਿਹਾਸ ਬਣਕੇ ਰਹੇਗਾ
ਬਦਲਦੇ ਹਾਲਾਤ ਦੀ, ਇਕ ਆਸ ਬਣਕੇ ਰਹੇਗਾ

ਲੋਕ-ਹਿੱਤ ਦਾ ਢੌਂਗ ਰਚਕੇ ਰਾਹਨੁਮਾਂ ਲੁੱਟਦੇ ਰਹੇ
ਇਹ ਜੜ੍ਹਾਂ ਲਾਉਂਦੇ ਰਹੇ, ਉਹ ਜੜ੍ਹਾਂ ਪੁੱਟਦੇ ਰਹੇ
ਚੇਤਨਾ ਦੇ ਟਾਹਣ ਉੱਗੇ, ਬਿਨ ਵਜਾਹ ਟੁੱਟਦੇ ਰਹੇ
ਹੈ ਸਜ਼ਾ ਮਜ਼ਲੂਮ ਲਈ, ਮੁਲਜ਼ਮ ਸਦਾ ਛੁੱਟਦੇ ਰਹੇ
ਇਹ ਬਿਗਲ ਸੰਘਰਸ਼ ਦਾ, ਹਸਾਸ ਬਣਕੇ ਰਹੇਗਾ
ਇਹ ਅੰਦੋਲਨ ਹੱਕ ਦਾ, ਇਤਿਹਾਸ ਬਣਕੇ ਰਹੇਗਾ
ਬਦਲਦੇ ਹਾਲਾਤ ਦੀ.....

ਮੁੱਕੀ ਹੋਂਦ ਮਰਨ ਬਰਾਬਰ, ਜੇ ਬਚਦੀ ਤਾਂ ਜੀਣਾ ਸੀ
ਹਰਿਆਣੇ ਦੇ ਧੀਆਂ ਪੁੱਤਰਾਂ, ਪਾਟਾ ਰਿਸ਼ਤਾ ਸੀਣਾ ਸੀ
ਪਾਣੀ ਦੀਆਂ ਬੁਸ਼ਾਰਾਂ ਅੱਗੇ, ਕੰਧਾਂ ਬਣਕੇ ਥੀਣਾ ਸੀ
ਭਾਈ ਭਾਈ ਕੱਠੇ ਹੋ ਗਏ, ਰੋਹ ਹੁਣ ਦੂਣਾ ਤੀਣਾ ਸੀ
ਇਹ ਸੁਨੇਹਾ ਸੁਲਘਦਾ, ਅਹਿਸਾਸ ਬਣਕੇ ਰਹੇਗਾ
ਇਹ ਅੰਦੋਲਨ ਹੱਕ ਦਾ, ਇਤਿਹਾਸ ਬਣਕੇ ਰਹੇਗਾ
ਬਦਲਦੇ ਹਾਲਾਤ ਦੀ.....

ਭੈਣਾਂ, ਧੀਆਂ ਤੇ ਬਜ਼ੁਰਗਾਂ, ਜੋ ਦਿਖਾਇਆ ਜੋਸ਼ ਸੀ
ਖਾਧੀਆਂ ਡਾਗਾਂ ਉਨ੍ਹਾਂ, ਪਰ ਕਾਇਮ ਰੱਖੀ ਹੋਸ਼ ਸੀ
ਕਾਫ਼ਲਾ ਵਧਦਾ ਗਿਆ, ਹਾਕਮ ਹੋਇਆ ਖ਼ਾਮੋਸ਼ ਸੀ
ਧਰਮ ਦਾ ਪੱਤਾ ਚਲਾਇਆ, ਵਿਲਕਦਾ ਆਗੋਸ਼ ਸੀ
ਪ੍ਰਤੀਬੱਧਤਾ ਦਾ ਅਮਲ, ਇਹ ਖ਼ਾਸ ਬਣਕੇ ਰਹੇਗਾ
ਇਹ ਅੰਦੋਲਨ ਹੱਕ ਦਾ, ਇਤਿਹਾਸ ਬਣਕੇ ਰਹੇਗਾ
ਬਦਲਦੇ ਹਾਲਾਤ ਦੀ.....

ਨਾ ਉਹ ਪਾਟੇ ਨਾ ਡਰੇ, ਹੱਕ ਦੀ ਖਾਤਰ ਜਾ ਮਰੇ
ਹੋ ਗਿਆ ਇਖਲਾਕ ਦੂਣਾ, ਤੌਖਲੇ ਰਹਿ ਗਏ ਧਰੇ
ਜੋ ਨਾ ਬੋਲੇ ਸੀ ਕਦੇ, ਉਹ ਸ਼ਬਦ ਸ਼ਬਦ ਹੋ ਝਰੇ
ਜੇ ਨਾ ਦਿੱਲੀ ਦਹਿਲਦੀ, ਤਾਂ ਦੱਸੋ ਦਿੱਲੀ ਕੀ ਕਰੇ

ਲੋਕ-ਲੰਗਰ ਥੀਣ ਦਾ, ਅਭਿਆਸ ਬਣਕੇ ਰਹੇਗਾ
ਇਹ ਅੰਦੋਲਨ ਹੱਕ ਦਾ ਇਤਿਹਾਸ ਬਣਕੇ ਰਹੇਗਾ
ਬਦਲਦੇ ਹਾਲਾਤ ਦੀ.....

ਰੰਗ, ਧਰਮ, ਨਸਲ ਦਾ, ਜਾਦੂ ਅਜਮਾਇਆ ਗਿਆ
ਖਿੱਤਿਆਂ ਦਾ ਖੌਫ਼ ਦੇ ਕੇ, ਵਿਸ਼ਵ ਧਮਕਾਇਆ ਗਿਆ
ਝੂਠ ਦਾ ਪ੍ਰਚਾਰ, ਮਹਿੰਗੇ ਮੁੱਲ ਕਰਵਾਇਆ ਗਿਆ
ਦੇਸ਼-ਧਰੋਹੀ ਆਖਕੇ, ਲੋਕਾਂ ਨੂੰ ਉਕਸਾਇਆ ਗਿਆ
ਹੱਕ ਦੀ ਜਿੱਤ ਦਾ ਅਮਲ, ਧਰਵਾਸ ਬਣਕੇ ਰਹੇਗਾ
ਇਹ ਅੰਦੋਲਨ ਹੱਕ ਦਾ, ਇਤਿਹਾਸ ਬਣਕੇ ਰਹੇਗਾ
ਬਦਲਦੇ ਹਾਲਾਤ ਦੀ.....

ਅੰਨਦਾਤਾ ਸਬਕ, ਦਿੱਲੀ ਤਾਈਂ ਸਿਖਾ ਕੇ ਮੁੜੇਗਾ
ਸਬਰ ਸਿਦਕ ਸਿਰੜ ਦੇ ਪ੍ਰਚਮ ਝੁਲਾ ਕੇ ਮੁੜੇਗਾ
ਹੋ ਗਏ ਕੁਰਬਾਨ ਜੋ, ਦਿਲ ਵਿਚ ਮੜ੍ਹਾ ਕੇ ਮੁੜੇਗਾ
ਇਹ ਮਾਨਵੀ ਏਕਾ, ਨਵਾਂ ਸੂਰਜ ਚੜ੍ਹਾ ਕੇ ਮੁੜੇਗਾ
ਭਾਈਚਾਰਾ ਸਿਰਜਿਆ, ਸਹਿਵਾਸ ਬਣਕੇ ਰਹੇਗਾ
ਇਹ ਅੰਦੋਲਨ ਹੱਕ ਦਾ, ਇਤਿਹਾਸ ਬਣਕੇ ਰਹੇਗਾ
ਬਦਲਦੇ ਹਾਲਾਤ ਦੀ.....

ਕੁੱਲ ਆਲਮ ਦੇ ਲਈ, ਸੌਗ਼ਾਤ ਬਣਕੇ ਰਹੇਗਾ
ਡੁੱਬਦੀਆਂ ਸੋਚਾਂ ਲਈ, ਪ੍ਰਭਾਤ ਬਣਕੇ ਰਹੇਗਾ
ਕ੍ਰਿਤੀਆਂ ਦਾ ਕ੍ਰਿਤ ਤੇ, ਵਿਸ਼ਵਾਸ ਬਣਕੇ ਰਹੇਗਾ
ਇਹ ਅੰਦੋਲਨ ਹੱਕ ਦਾ, ਇਤਿਹਾਸ ਬਣਕੇ ਰਹੇਗਾ
■

**-Amrik Plahi**
**Surrey, BC, Canada**
**604-671-9875**



ਜਗਤਾਰ ਸਾਲਮ
ਇੰਡੀਆ

# ਗ਼ਜ਼ਲ

ਨਹੀਂ ਝੁਕਣਾ ਅਸੀਂ ਹੁਣ ਏਸ ਕਾਲੀ ਰਾਤ ਦੇ ਅੱਗੇ
ਖੜ੍ਹੇ ਹੋਵਾਂਗੇ ਛਾਤੀ ਤਾਣ ਕੇ ਹਾਲਾਤ ਦੇ ਅੱਗੇ

ਕਿ ਮੰਜ਼ਿਲ ਦਿਸ ਰਹੀ ਸੀ ਤੇ ਸਫ਼ਰ ਕਟਦਾ ਸੀ ਇਕ ਪਲ ਵਿਚ
ਭਲਾ ਫਿਰ ਜ਼ਹਿਰ ਕੋਈ ਚੀਜ਼ ਸੀ ਸੁਕਰਾਤ ਦੇ ਅੱਗੇ

ਕਿ ਮਹਿਲਾਂ ਦੇ ਬੁਰਜ ਹੱਸਦੇ ਨੇ ਮੇਰੀ ਸਾਦਗੀ ਉੱਪਰ,
ਜ਼ਿਕਰ ਕੱਚੇ ਘਰਾਂ ਦਾ ਜਦ ਕਰਾਂ ਬਰਸਾਤ ਦੇ ਅੱਗੇ

ਪਤਾ ਰੁਕਣਾ ਨਹੀਂ ਫਿਰ ਵੀ ਹਵਾ ਨੂੰ 'ਵਾਜ਼ ਦਿੰਦਾ ਹੈ
ਕਿਸੇ ਦਾ ਜ਼ੋਰ ਨੀਂ ਚੱਲਦਾ ਕਦੇ ਜਜ਼ਬਾਤ ਦੇ ਅੱਗੇ

ਤੇਰੀ ਤਲਵਾਰ ਤੇਰੀ ਬਾਦਸ਼ਾਹਤ ਮੇਟ ਨੀਂ ਸਕਦੀ
ਲੈ ਮੇਰਾ ਸਿਦਕ ਖੜ੍ਹਿਆ ਹੈ ਤੇਰੀ ਔਕਾਤ ਦੇ ਅੱਗੇ
■

# ਗ਼ਜ਼ਲ

ਕੁਝ ਨਾ ਕੁਝ ਜਲਦੀ ਕਰੋ ਲੈ ਆ ਗਈ ਇਹ ਤਾਂ ਗਰਾਂ ਤਕ
ਆ ਨਾ ਜਾਵੇ ਅੱਗ ਸਿਵਿਆਂ ਦੀ ਕਿਤੇ ਵਸਦੇ ਘਰਾਂ ਤਕ

ਭਰ ਲਈ ਹੈ ਘੁੱਟ ਹੁਣ ਇਹ ਦੇਖਣਾ ਹੈ ਕੀ ਬਣੇਗਾ
ਜ਼ਹਿਰ ਨੇ ਬਸ ਕੁਝ ਪਲਾਂ ਵਿਚ ਪੁੱਜ ਜਾਣੈ ਆਂਦਰਾਂ ਤਕ

ਓਸ ਤੋਂ ਪਹਿਲਾਂ ਕਿਤੇ ਨਿੱਕਲ ਨਾ ਜਾਵੇ ਜਾਨ ਮੇਰੀ
ਚੀਕ ਨੇ ਹਾਲੇ ਚਿਰਾਂ ਵਿਚ ਪੁੱਜਣਾ ਹੈ ਅੱਖਰਾਂ ਤਕ

ਜ਼ਹਿਰ ਦਾ ਜਦ ਘੁੱਟ ਭਰਿਆ ਡਰ ਗਿਆ ਸੀ ਬਾਦਸ਼ਾਹ ਵੀ
ਹੋ ਸਕੇ ਤਾਂ ਲਾ ਦਿਓ ਬਸ ਇਹ ਸੁਨੇਹਾ ਮਿੱਤਰਾਂ ਤਕ

ਬੋਟ ਜਿਹੜੇ ਆਲ੍ਹਣੇ ਵਿਚ ਰੁੜ੍ਹ ਰਹੇ ਇਕ ਦੂਸਰੇ 'ਤੇ
ਉਡਣ ਦੀ ਖ਼ਾਹਿਸ਼ ਲੈ ਜਾਵੇਗੀ ਇਨ੍ਹਾਂ ਨੂੰ ਅੰਬਰਾਂ ਤਕ
■

**-Jagtar Saalam**
**Pb, India**
**jagtar.saalam@rediffmail.com**

# ਮਸ਼ਾਲਾਂ ਵਾਂਗ ਜਗਦੀਓ ਕੁੜੀਓ



ਸੁਰਜੀਤ ਕੌਰ
ਕੈਨੇਡਾ

ਗਰਾਊਂਡ ਜ਼ੀਰੋ ’ਤੇ
ਮਸ਼ਾਲਾਂ ਵਾਂਗ ਜਗਦੀਓ ਕੁੜੀਓ
ਮੋਰਚਿਆਂ ’ਤੇ ਬੈਠੀਓ ਨੌਜਵਾਨ ਬੱਚੀਓ
ਸਿਜਦਾ ਹੈ ਤੁਹਾਡੇ ਸੰਘਰਸ਼ ਨੂੰ
ਤੁਹਾਡੇ ਹੌਸਲੇ ਨੂੰ
ਤੁਹਾਡੀ ਸੋਚ ਨੂੰ

ਤੁਸੀਂ ਜੋ ਕਦੇ ਬਾਹਰ ਨਿਕਲਣ ਤੋਂ ਡਰਦੀਆਂ ਸਓ
ਲੁਕ ਲੁਕ ਅੰਦਰ ਰਹਿੰਦੀਆਂ ਸਓ
ਅੱਜ ਧਰਨਿਆਂ ’ਤੇ ਆਣ ਬੈਠੀਆਂ
ਅੰਦੋਲਨਕਾਰੀਆਂ ਬਰਾਬਰ ਆਣ ਖੜ੍ਹੀਆਂ ਹੋ
ਮੀਲਾਂ ਤੱਕ ਫੈਲੇ ਲੋਕ-ਇਕੱਠ ’ਚ
ਨਿਧੜਕ ਫਿਰਦੀਆਂ
ਖੁੱਲ੍ਹੇ ਅੰਬਰ ਹੇਠਾਂ
ਹਨ੍ਹੇਰਿਆਂ ਨਾਲ ਗੁਫ਼ਤਗੂ ਕਰਦਿਆਂ
ਠੰਢੀਆਂ ਰਾਤਾਂ ’ਚ ਨਾਅਰੇ ਮਾਰਦਿਆਂ
ਤੁਹਾਨੂੰ ਜਾਬਰਾਂ ਤੋਂ ਡਰ ਨਹੀਂ ਲੱਗਦਾ
ਝੱਟ ਬੋਲ ਪਈ ਵੀਰਾਂਗਣਾਂ ਇਕ-
ਧੀ ਹਾਂ ਕਿਸਾਨ ਦੀ
ਮਿੱਟੀ ’ਚ ਗੁੱਧੀ ਹਾਂ
ਤੱਤੇ ਠੰਡੇ ਮੌਸਮਾਂ ’ਚ ਰਿੱਧੀ ਹਾਂ
ਗਿਆਨ ਦੀ ਲੋਅ ਦਿੱਤੀ ਹੈ ਜਿਸਨੇ
ਆਪਣੇ ਉਸ ਬਾਬਲ ਦੇ ਮੱਥੇ ਦੀ
ਹਰ ਸੋਚ ਨੂੰ ਜਾਣਦੀ ਹਾਂ
ਉਹ ਜਾਨ ਵਾਰ ਸਕਦੈ
ਪਰ ਆਪਣੇ ਖੇਤ ਨਹੀਂ ਹਾਰ ਸਕਦਾ
ਉਹਦੇ ਹੱਕਾਂ ਦੀ ਰਾਖੀ ਲਈ
ਮੈਂ ਉਸਦੀ ਧੀ
ਉਸਦੇ ਨਾਲ ਆਣ ਖੜੀ ਹਾਂ
ਡਰ ਨਹੀਂ
ਮੌਕਾ ਮਿਲਿਐ

ਖੁਦ ਨੂੰ ਸਾਬਤ ਕਰਨ ਦਾ
ਆਪਣੇ ਹਿੱਸੇ ਦੀ ਜੰਗ ਆਪ ਲੜਨ ਦਾ
ਇਹ ਲਹਿਰ ਹੈ ਸਾਡੀ ਪਹਿਚਾਣ ਬਣੀ
ਲਿਖੀ ਜਾਏਗੀ ਇਕ ਤਵਾਰੀਖ ਨਵੀਂ-
ਕਿ ਘਰਾਂ 'ਚੋਂ ਨਿੱਕਲ ਕੁੜੀਆਂ
ਨਿਧੜਕ ਹੋ
ਕਿਸਾਨੀ ਮੋਰਚਿਆਂ 'ਚ ਸਨ ਜਾ ਰਲੀਆਂ
ਵਕਤ ਦੀ ਨਬਜ਼ ਪਛਾਣਦੀ ਹਾਂ
ਆਪਣੇ ਹੱਕਾਂ ਲਈ
ਸਿਰ ਧੜ ਦੀ ਬਾਜ਼ੀ ਲਾਉਣਾ ਜਾਣਦੀ ਹਾਂ
ਇਹ ਕੀ ਡਰਾਣਉਗੇ ਖੇਤਾਂ ਦੇ ਰਾਖਿਆਂ ਨੂੰ
ਜਿਨ੍ਹਾਂ ਤਾਰਿਆਂ ਦੀ ਛਾਵੇਂ
ਆਪਣੀਆਂ ਰਾਤਾਂ ਬਿਤਾਈਆਂ ਨੇ
ਜਿਨ੍ਹਾਂ ਸੱਪਾਂ ਦੀਆਂ ਸਿਰੀਆਂ ਮਿੱਧ ਕੇ
ਲੋਕਾਈ ਲਈ ਫਸਲਾਂ ਉਗਾਈਆਂ ਨੇ
ਮੈਂ ਉਸੇ ਅੰਨਦਾਤੇ ਦੀ ਧੀ ਹਾਂ
ਅੱਜ ਉਸਦੇ ਨਾਲ ਆਣ ਖੜ੍ਹੀ ਹਾਂ
ਇਹ ਤਾਨਾਸ਼ਾਹ
ਉਸਦੇ ਸਬਰ ਦੀ ਅਜਮਾਇਸ਼ ਨਾ ਕਰਨ
ਇਹ ਮੁਨਾਫ਼ਾਖੋਰ
ਸਾਡੇ ਹੱਕ ਸਾਨੂੰ ਵਾਪਸ ਕਰਨ

ਗਰਾਊਂਡ ਜ਼ੀਰੋ ਤੇ ਮਸ਼ਾਲਾਂ ਵਾਂਗ ਜਗਦੀਓ ਕੁੜੀਓ
ਮੋਰਚੇ ਤੇ ਬੈਠੀਓ ਨੌਜਵਾਨ ਬੱਚੀਓ
ਸਿਜਦਾ ਹੈ ਤੁਹਾਡੇ ਬੁਲੰਦ ਹੌਸਲਿਆਂ ਨੂੰ
ਤੁਸੀਂ ਜੋ ਕਦੇ ਬਾਹਰ ਨਿਕਲਣ ਤੋਂ ਡਰਦੀਆਂ ਸਓ
ਅੱਜ ਧਰਨਿਆਂ ਤੇ ਆਣ ਬੈਠੀਆਂ
ਹਮੇਸ਼ਾ ਇਵੇਂ ਹੀ ਨਿਧੜਕ ਫਿਰਦੀਆਂ ਰਹਿਓ
ਸ਼ੇਰਨੀਆਂ ਵਾਂਗ ਗੱਜਦੀਆਂ ਰਹਿਓ
■

# ਨਵਾਂ ਇਤਿਹਾਸ

ਤੁਰ ਪਿਐ ਕਿਸਾਨ
ਧਰ ਕੇ ਤਲੀ ’ਤੇ ਜਾਨ
ਬਣਾ ਕੇ ਮਹਾਂ ਕਾਫ਼ਲਾ
ਨਾਲ ਲੈ ਕੇ ਕੁਲ ਜਹਾਨ
ਲਿਖ ਰਿਹੈ ਤਵਾਰੀਖ ਨਵੀਂ
ਵੰਗਾਰ ਰਿਹੈ ਤਖ਼ਤ ਨੂੰ
ਤੁਰ ਪਿਐ ਅੰਨਦਾਤਾ
ਲੈਣ ਆਪਣੇ ਹੱਕ ਨੂੰ
ਲੋਕਾਂ ਦਾ ਇਹ ਸੈਲਾਬ
ਜੋ ਹੈ ਮੀਲਾਂ ਤੀਕ ਫੈਲਿਆ
ਵਹਾ ਕੇ ਲੈ ਗਿਐ ਹਰ ਵਿਤਕਰਾ
ਏਕਤਾ ਦਾ ਲੰਗਰ ਵਰਤਿਆ
ਸੰਘਰਸ਼ ਦਾ ਨਵਾਂ ਮਾਡਲ ਸਿਰਜਿਆ
ਵੰਗਾਰ ਰਿਹੈ ਤਖ਼ਤ ਨੂੰ
ਤੁਰ ਪਿਐ ਅੰਨਦਾਤਾ
ਲੈਣ ਆਪਣੇ ਹੱਕ ਨੂੰ
ਲਿਖੀ ਜਾਣੀ ਕੁਰਬਾਨੀ ਇਹ
ਸਦੀਆਂ ਦੇ ਪੰਨਿਆਂ ’ਤੇ
ਆਉਣ ਵਾਲੀਆਂ ਪੀੜ੍ਹੀਆਂ ਦੇ ਦਿਲਾਂ ‘ਤੇ
ਗਾਥਾ ਜੋ ਲੋਕ ਮਨਾਂ ’ਤੇ ਉੱਕਰਦਾ ਜਾ ਰਿਹੈ
ਅੰਨਦਾਤਾ–
ਤਖਤ ਨੂੰ ਵੰਗਾਰਦਾ ਤੁਰਦਾ ਜਾ ਰਿਹੈ
ਨਾ ਡਰਦਾ ਉਹ ਬੈਰੀਕੇਡਾਂ ਤੋਂ
ਨਾ ਅੱਥਰੂ ਗੈਸਾਂ ਤੋਂ
ਨਾ ਪਾਣੀ ਦੀਆਂ ਮਾਰਾਂ ਤੋਂ
ਛਵੀਆਂ ਤੋਂ ਤਲਵਾਰਾਂ ਤੋਂ
ਬੇਖੌਫ ਵੰਗਾਰੇ ਤਖਤ ਨੂੰ–
‘ਹੱਕ ਲੈਣਾ ਆਪਣਾ’
ਸਰਦ ਰਾਤਾਂ ਜਰਦਾ ਜਾ ਰਿਹੈ
ਲਿਖ ਰਿਹੈ ਤਵਾਰੀਖ ਨਵੀਂ
ਵੰਗਾਰ ਰਿਹੈ ਤਖਤ ਨੂੰ

ਤੁਰ ਪਿਐ ਅੰਨਦਾਤਾ
ਲੈਣ ਆਪਣੇ ਹੱਕ ਨੂੰ
ਅੰਨਦਾਤਾ ਤੁਰ ਪਿਐ
ਬਣਾ ਕੇ ਮਹਾਂ ਕਾਫਲਾ
ਕੁੱਲ ਜਹਾਨ ਨਾਲ ਹੋ ਗਿਐ
ਹਾਰ ਜਾਉਗੇ ਤੁਸੀਂ ਹੁਣ
ਵੰਗਾਰ ਹੈ ਇਹ ਤਖਤ ਨੂੰ
■

**-Surjit Kaur**
**Brampton, Canada**
**Surjitk33@gmail.com**

# ਨਵਾਂ ਨਹੀਂ ਹੈ ਰਿਸ਼ਤਾ



ਡਾ. ਸ਼ਿਆਮ ਸੁੰਦਰ ਦੀਪਤੀ
ਇੰਡੀਆ

ਨਵਾਂ ਨਹੀਂ ਹੈ
ਦਿੱਲੀ ਨਾਲ ਸਾਡਾ ਵਾਸਤਾ
ਅਸੀਂ ਚਿਰਾਂ ਤੋਂ ਜਾਣੂ ਹਾਂ
ਦਿੱਲੀ ਆਉਣ ਵਾਲੇ ਰਸਤੇ ਤੋਂ
ਦਿੱਲੀ ਨੂੰ ਪਹੁੰਚਣ ਵਾਲੀ
ਸ਼ਾਹੀ ਸੜਕ
ਸਾਡੇ ਪਿੰਡੋਂ ਹੀ ਹੋ ਕੇ ਆਉਂਦੀ ਹੈ

ਇਸ ਰਾਹ ਤੋਂ ਆਏ
ਹਮਲਾਵਰਾਂ, ਧਾੜਵੀਆਂ
ਸਾਡੇ ਪਿੰਡਿਆਂ ਤੋਂ ਹੋ ਕੇ
ਦਿੱਲੀ ਤੇ ਰਾਜ ਕੀਤਾ ਹੈ
ਸਾਡੀ ਪਛਾਣ ਨਵੀਂ ਨਹੀਂ ਹੈ ਦਿੱਲੀ ਨਾਲ
ਸਾਡੀ ਮਿੱਟੀ ਵਿਚ
ਬਾਬਰ ਨੂੰ ਜਾਬਰ ਕਹਿਣ ਦੀ ਫਿਤਰਤ ਹੈ
ਸਾਡੀ ਹਵਾ ਵਿਚ
ਦੇਸ਼ ਲਈ ਪਰਿਵਾਰ ਵਾਰ ਦੇਣ ਦੀ ਰਵਾਇਤ ਹੈ
ਸਾਡੇ ਸਮਿਆਂ ਵਿਚ
ਸਰਫਰੋਸ਼ੀ ਕੀ ਤਮੰਨਾ
ਸਾਡੇ ਖ਼ੂਨ ਵਿਚ
ਜ਼ੁਲਮ ਦੇ ਖਿਲਾਫ਼ ਲਲਕਾਰਨ
ਆਵਾਜ਼ ਉਠਾਉਣ
ਆਕੜ ਭੰਨਣ ਦੀ ਤਾਕਤ ਹੈ

ਦਿੱਲੀ ਨਾਲ ਸਾਡਾ ਰਿਸ਼ਤਾ ਨਵਾਂ ਨਹੀਂ ਹੈ
ਅਸੀਂ ਸ਼ਹੀਦੀ ਪਾ ਕੇ ਮਾਣ ਮਹਿਸੂਸ ਕਰਦੇ ਹਾਂ
ਅਸੀਂ ਹਸਦੇ ਹਸਦੇ ਕੁਰਬਾਨ ਹੋਣ ਵਾਲੇ ਹਾਂ
ਸਾਡਾ ਸਬਰ ਸਾਡੀ ਸ਼ਿੱਦਤ ਹੈ
ਸਾਡਾ ਸਬਰ ਸਾਡੀ ਹਿੰਮਤ ਹੈ

ਤੈਨੂੰ ਵਹਿਮ ਹੈ

ਦਿੱਲੀ ਸਾਡੀ ਹੈ
ਅਸੀਂ ਦਿੱਲੀ ਨੂੰ ਘੇਰਿਆ ਹੈ
ਜਿਸ ਨੂੰ ਬਚਾਉਣਾ ਹੁੰਦਾ ਹੈ
ਉਸ ਨੂੰ ਬੁਕਲ ਵਿਚ ਲੈਣਾ ਹੀ ਹੁੰਦਾ ਹੈ
ਦਿੱਲੀ ਸਾਡੀ ਹੈ
ਦਿੱਲੀ ਨਾਲ ਸਾਡਾ ਰਿਸ਼ਤਾ ਨਵਾਂ ਨਹੀਂ ਹੈ
■

# ਕਣਕ ਤੇ ਕਿਸਾਨ

ਮੈਨੂੰ ਕਿਸਾਨ ਦਿਸਦਾ
ਕਿਸਾਨ ਵਿਚ ਕਣਕ
ਕਿਸਾਨ ਵਿਚ
ਮੈਨੂੰ ਮਿੱਟੀ ਦਿਸਦੀ
ਮਿੱਟੀ ਨਾਲ ਮਿੱਟੀ
ਹੋਇਆ ਇਨਸਾਨ

ਮਿੱਟੀ ਵਿਚ
ਮੈਨੂੰ ਸੋਨਾ ਦਿਸਦਾ
ਦਿਸਦਾ ਲੋਹ ਪੁਰਸ਼ ਕਿਸਾਨ

ਲੋਹ ਪੁਰਸ਼ ਕਿਸਾਨ
ਮਿੱਟੀ ਤੋਂ ਹਲ ਬਣ ਜਾਂਦਾ
ਰਲ ਕੇ ਮਿੱਟੀ ਦੇ ਵਿਚ
ਫਿਰ ਉੱਗ ਪੈਂਦਾ

ਮਿੱਟੀ 'ਚੋਂ ਉਪਜਿਆ ਕਿਸਾਨ
ਮੈਨੂੰ ਕੁਦਰਤ ਲਗਦਾ

ਮਿੱਟੀ ਨਾਲ ਕਿਸਾਨ ਦਾ ਸੰਘਰਸ਼ ਮੈਂ ਦੇਖਾਂ
ਦੇਖ ਕੇ ਇਹ ਇਨਸਾਨ
ਦੇਖ ਕੇ ਇਹ ਕਿਸਾਨ
ਸੂਰਜ ਅਸ਼ ਅਸ਼ ਕਰਦਾ
ਹਵਾ ਪਈ ਸਿਜਦੇ ਕਰਦੀ
ਕਣਕ ਵਿਚ ਮੈਨੂੰ ਕਿਸਾਨ ਦਿਸਦਾ
ਕਿਸਾਨ ਵਿਚ ਦਿਸਦੀ ਕੁਦਰਤ
■

**-Dr. Shyam Sunder Deepti**
**Amritsar, India**
**drdeeptiss@gmail.com**

# ਚੜ੍ਹ ਪਿਆ ਕਟਕ ਪੰਜਾਬ ਤੋਂ



ਡਾ. ਮੇਹਰ ਮਾਣਕ
ਇੰਡੀਆ

ਅੱਸੂ ਕੱਤੇ ਫਸਲਾਂ ਬੀਜ ਕੇ ਬੰਨ ਲਿਆ ਸਮਾਨਾ
ਲਲਕਾਰਾ ਵੱਜਿਆ ਸੱਥ ਚੋਂ ਕਿਹਾ ਉੱਠ ਜਵਾਨਾਂ

ਕੁਰਸੀ ਚੜ੍ਹ ਬੈਠੇ ਹਾਕਮਾਂ ਹਰ ਰੀਝ ਬਿਖੇਰੀ
ਫਿਰ ਚੜ੍ਹ ਪਿਆ ਕਟਕ ਪੰਜਾਬ ਤੋਂ ਆ ਦਿੱਲੀ ਘੇਰੀ

ਸੜਕਾਂ ਤੇ ਖੱਡੇ ਪੱਟ ਤੇ ਲਾਈਆਂ ਕੰਡੇ ਤਾਰਾਂ
ਠੰਢ ਵੀ ਪੂਰੇ ਜ਼ੋਰਾਂ ਤੇ ਪਾਣੀ ਦੀਆਂ ਪੈਣ ਬੁਛਾੜਾਂ

ਬਾਡਰਾਂ ਤੇ ਸੀਲਾਂ ਜੜਤੀਆਂ ਬਣਾਈ ਜੁਗਤ ਬਥੇਰੀ

ਰੇਤੇ ਵਾਂਗ ਬਿਖੇਰੀਆਂ ਸਭ ਖੜ੍ਹੀਆਂ ਰੋਕਾਂ
ਸਭ ਹੱਕੇ ਬੱਕੇ ਰਹਿਗੇ ਕੀ ਕਰਤਾ ਲੋਕਾਂ

ਹਾਕਮਾਂ ਦੀਆਂ ਅੱਖਾਂ ਅੱਗੇ ਸੀ ਆ ਗਈ ਨੇਰ੍ਹੀ
ਬੰਦਸ਼ਾਂ ਸਭ ਬਿਖੇਰੀਆਂ ਦੂਰ ਹੋਏ ਭੁਲੇਖੇ

ਜਾਤ ਬਰਾਦਰੀ ਧਰਮ ਦੇ ਸਭ ਵਿਰੋਧ ਸਮੇਟੇ
ਸਿਰਜੀ ਨਫ਼ਰਤ ਦੀ ਹਰ ਦੀਵਾਰ ਆਣ ਚੁਰਾਹੇ ਗੇਰੀ

ਹੰਕਾਰ ਹੁਕਮ ਹਾਕਮ ਦਾ ਨੇਰ੍ਹੀ ਧੂਹ ਕੇ ਲੈ ਗਈ
ਟੁੱਟਿਆ ਗਰੂਰ ਗੁਮਾਨ ਤੇ ਹਰ ਗੱਲ ਮੰਨਣੀ ਪੈ ਗਈ

ਧੜਕਦੀ ਧਰਤੀ ਦੀ ਹਿੱਕ ਦਾ ਮਾਣ ਹੁੰਦਾ ਨਹੀਂ ਢੇਰੀ
ਨਵੇਂ ਇਤਹਾਸ ਸਿਰਜਣ ਦਾ ਜਦੋਂ ਜ਼ਿਕਰ ਹੈ ਹੋਣਾ

ਦਿੱਲੀ ਵਾਲਾ ਮੋਰਚਾ ਝੱਟ ਸਾਹਮਣੇ ਆਣ ਖਲੋਣਾ
ਲੋਕੀ ਸਿੱਜਦਾ ਕਰਨਗੇ ਇੱਥੇ ਲਾ ਕੇ ਫ਼ੇਰੀ
■

# ਦਿੱਲੀ ਸੀ ਹਾਰ ਗਈ

ਕਰਦਾ ਸੀ ਜੋ ਮੇਰੀ ਮੇਰੀ
ਪਲਾਂ ਵਿੱਚ ਹੋ ਗਿਆ ਢੇਰੀ

ਟੁੱਟਿਆ ਗਰੂਰ ਤਖ਼ਤ ਦਾ, ਝੁੱਕ ਸੀ ਸਰਕਾਰ ਗਈ
ਜਿੱਤ ਕੇ ਸੀ ਆਖਰ ਦਿੱਲੀ, ਬੁਰੀ ਤਰ੍ਹਾਂ ਹਾਰ ਗਈ

ਚੜ੍ਹ ਕੇ ਸੀ ਨਿੱਤ ਬਨੇਰੇ, ਮਾਰਦਾ ਸੀ ਯਾਰੋ ਬੜ੍ਹਕਾਂ
ਕਹਿੰਦਾ ਸੀ ਮੈਂ ਸਿਕੰਦਰ, ਕਢੂਗਾਂ ਸਾਰੀਆਂ ਰੜਕਾਂ

ਹਰ ਮਨਸ਼ਾ ਸੀ ਕਰਦਾ ਪੂਰੀ, ਮਨ ‘ਚ ਸੀ ਜੋ ਧਾਰ ਲਈ
ਮਿੱਟੀ ਦੀ ਕੁੱਖ ‘ਚੋਂ ਜੰਮਕੇ, ਇਸ ਦਾ ਜਦ ਸੌਦਾ ਹੋਇਆ

ਦਲਾਲੀ ਦਾ ਗਰੂਰ ਵੇਖ ਕੇ, ਖਸਲਤ ਨੇ ਆਪਾ ਖੋਇਆ
ਕਣ ਕਣ ‘ਚੋਂ ਜੰਮੇ ਸੂਰਮੇ, ਤੇ ਧੁਰ ਤੱਕ ਲਲਕਾਰ ਗਈ

ਸਿਰ ਨਾਲ ਸਿਰ ਸੀ ਜੁੜ ਗੇ, ਬਾਹਾਂ ਨੇ ਬਾਹਵਾਂ ਫੜੀਆਂ
ਅਸਮਾਨਾਂ ਨੂੰ ਛੂਹੰਦਾ ਝੱਖੜ, ਚੜ੍ਹ ਪਿਆ ਤੋੜਨ ਕੜੀਆਂ

ਚੋਰ ਨੂੰ ਨਾ ਲੱਭੇ ਮੋਰੀ , ਐਸੀ ਫਿਰ ਦੁਰਕਾਰ ਪਈ
ਵਕਤ ਨੇ ਲਈ ਅੰਗੜਾਈ ਪੂੰਝ ਕੇ ਧਰੀਆਂ ਫੱਟੀਆਂ

ਹੋਇਆ ਜਦੋਂ ਪਹੁ ਫੁਟਾਲਾ ਖੇਤਾਂ ਵਿੱਚ ਫਸਲਾਂ ਹੱਸੀਆਂ
ਪੰਛੀਆਂ ਨੇ ਗਾ ਗੀਤ ਸੁਰੀਲੇ, ਮਸਤੀ ‘ਚ ਉਡਾਰ ਲਈ
■

**-Dr. Mehar Manick**
**India**
**meharmanick1@gmail.com**



ਸਿਮਰਤ ਸੁਮੈਰਾ
ਇੰਡੀਆ

# ਗ਼ਜ਼ਲ

ਕਦੇ ਮਿੱਟੀ ਦੀ ਕੁਰਬਾਨੀ ਕਿਆਮਤ ਲੈ ਕੇ ਆਵੇਗੀ
ਸਮੇਂ ਦੀ ਇਹ ਪਸ਼ੇਮਾਨੀ ਕਿਆਮਤ ਲੈ ਕੇ ਆਵੇਗੀ

ਘਣੇ ਬੱਦਲ ਹਾਂ, ਲਿਸ਼ਕਾਂਗੇ, ਗਿਰਾਂਗੇ ਬਿਜਲੀਆਂ ਬਣਕੇ
ਅਸਾਡੀ ਸੋਚ ਅਸਮਾਨੀ ਕਿਆਮਤ ਲੈ ਕੇ ਆਵੇਗੀ

ਸਮੁੰਦਰ ਨੇ ਦਬਾਇਆ ਸੀ ਚਿਰਾਂ ਤੋਂ ਸ਼ੋਰ ਸੀਨੇ ਵਿੱਚ
ਇਹ ਉਠਦੀ ਲਹਿਰ ਤੂਫਾਨੀ ਕਿਆਮਤ ਲੈ ਕੇ ਆਵੇਗੀ

ਇਹ ਕਾਲਾ ਦੌਰ ਹੈ, ਇਤਿਹਾਸ ਦਾ ਕਾਲਾ ਹੈ ਹਰ ਪੰਨਾ
ਸਿਆਸਤ ਲੁੱਟ ਬਈਮਾਨੀ ਕਿਆਮਤ ਲੈ ਕੇ ਆਵੇਗੀ

ਹਰਿਕ ਦਾਣੇ 'ਚੋਂ, ਚਮਕੇਗਾ ਕਰਾਂਤੀ ਦਾ ਲਹੂ ਆਖ਼ਿਰ
ਮੁਸ਼ੱਕਤ ਦੀ ਤਰਜਮਾਨੀ ਕਿਆਮਤ ਲੈ ਕੇ ਆਵੇਗੀ

ਅਸੀਂ ਜਾਬਰ ਹਕੂਮਤ ਦੀ ਹੁਕਮਰਾਨੀ ਤੋਂ ਨਾਬਰ ਹਾਂ
ਸੁਮੈਰਾ ਜੰਗ ਕਿਰਸਾਨੀ ਕਿਆਮਤ ਲੈ ਕੇ ਆਵੇਗੀ
■

# ਗ਼ਜ਼ਲ

ਮੇਰੀ ਅਵਾਜ ਨੂੰ ਕਹਿ ਕੇ ਬਗਾਵਾਤ, ਉਹ ਦਬਾਉਂਦੇ ਨੇ
ਜ਼ਰੂਰੀ ਤਾਂ ਨਹੀਂ, ਓਹੀ ਲਿਖਾਂ, ਹਾਕਮ ਜੋ ਚਾਹੁੰਦੇ ਨੇ

ਕਿਵੇਂ ਉਹ ਗੀਤ ਆਜ਼ਾਦੀ ਦੇ ਗਾਉਂਦੇ ਨੇ, ਹੈਰਾਨੀ ਹੈ
ਜੋ ਗ਼ੁਰਬਤ ਤੇ ਗੁਲਾਮੀ ਤਾ-ਉਮਰ ਪਿੰਡੇ ਹੰਢਾਉਂਦੇ ਨੇ

ਚਿਰਾਗ਼ਾਂ ਦੀ, ਹਿਫ਼ਾਜਤ ਲਈ, ਜਿਨ੍ਹਾਂ ਨੇ ਹੱਥ ਜਲਾਏ ਸਨ
ਉਹੀ ਹੁਣ ਹੌਸਲਾ ਕਰ ਕੇ, ਮਸ਼ਾਲਾਂ ਵੀ ਜਗਾਉਂਦੇ ਨੇ

ਇਹ ਜਾਦੂਗਰ ਨੇ, ਕਾਲਾ ਇਲਮ ਜਾਨਣ, ਇਸ ਤਰ੍ਹਾਂ ਲਗਦੈ
ਇਹ ਦਰਿਆਵਾਂ ਨੂੰ ਵੰਡਣ, ਅੱਗ ਪਾਣੀ ਨੂੰ ਲਗਾਉਂਦੇ ਨੇ

"ਸੁਮੈਰਾ" ਕੀ ਕਹਾਂ, ਉਸ ਬੇੜੀ ਦਾ ਤਾਂ ਰੱਬ ਹੀ ਰਾਖਾ
ਕਿ ਜਿਸ ਬੇੜੀ ਨੂੰ ਮਾਂਝੀ ਸਿਰਫਿਰੇ ਜ਼ਾਹਿਲ ਚਲਾਉਂਦੇ ਨੇ
■

**-Simrat Sumera**
**India**
**simratsumera@gmail.com**

# ਕਿਤੇ ਕਣਕਾਂ ਨੇ ਸੋਨ ਰੰਗੀਆਂ



ਡਾ. ਸੁਖਵਿੰਦਰ ਮੱਲੀ
ਕੈਨੇਡਾ

ਕਿਤੇ ਕਣਕਾਂ ਨੇ ਸੋਨ ਰੰਗੀਆਂ
ਕਾਹਤੋਂ ਫਿਰੇਂ ਹੱਕ ਮਾਰਦਾ ਵੇ
ਸਾਡੇ ਖੇਤਾਂ ਦੀਆਂ ਜੂਹਾਂ ਕੰਬੀਆਂ

ਸਾਡੇ ਖੇਤੀਂ ਹਰਿਆਲੀ ਏ
ਤੇਰੀ ਏਥੇ ਨਹੀਊਂ ਚੱਲਣੀਂ ਵੇ
ਸਾਡੀ ਕੌਮ ਨਿਰਾਲੀ ਏ

ਚਿੱਟੇ ਫੁੱਟ ਨੇ ਕਪਾਹੀ ਦੇ
ਜਿਹੜੇ ਸਾਨੂੰ ਦੁੱਖ ਦੇਣਗੇ ਵੇ
ਸਾਥੋਂ ਆਹੂ ਨਹੀਂਊਂ ਲਾਹੀਦੇ

ਸਾਡੀ ਮੱਕੀ ਦੀਆਂ ਛੱਲੀਆਂ ਨੇ
ਅਸੀਂ ਜੱਟੀਆਂ ਪੰਜਾਬ ਦੀਆਂ
ਸਾਨੂੰ ਜਾਣੀਂ ਨਾ ਤੂੰ ਕੱਲੀਆਂ ਵੇ

ਦਾਣੇ ਬਾਜਰੇ ਨੂੰ ਪੈ ਗਏ ਨੇ
ਜਿਨ੍ਹਾਂ ਸਾਨੂੰ ਵਾੜ ਕਰਨੀਂ
ਉਹ ਤਾਂ ਦੁੱਖੜੇ ਦੇ ਗਏ ਨੇ

ਸਰ੍ਹੋਂ ਖੇਤਾਂ ਵਿੱਚ ਫੁੱਲੀਆਂ ਨੇ
ਵੇਖ ਵੇਖ ਰੋਣ ਫਸਲਾਂ ਵੇ
ਕਾਹਤੋਂ ਨ੍ਹੇਰੀਆਂ ਝੁੱਲੀਆਂ ਨੇ

ਬੰਨ੍ਹਾਂ ਖੇਤਾਂ ਵਿੱਚ ਭਰੀਆਂ ਮੈਂ
ਪੁੱਛਾਂ ਤੈਨੂੰ ਸਾਹਮਣੇ ਬਿਠਾ
ਕਾਹਤੋਂ ਬੇੜੀਆਂ ਤਰੀਆਂ ਨੇ

ਕੋਈ ਲੰਮੀਆਂ ਖਜੂਰਾਂ ਨੇ
ਵੱਟ ਨੂੰ ਤੂੰ ਟੱਪ ਕੇ ਵਿਖਾ
ਬੈਠੀ ਬੰਨੇ ਉੱਤੇ ਘੂਰਾਂ ਮੈਂ

ਸਾਡੀ ਅੰਬੀਆਂ ਨੂੰ ਬੂਰ ਪਿਆ
ਕੱਲਿਆਂ ਦਾ ਦਿਲ ਨਾ ਲੱਗੇ ਨੀਂ
ਸਾਡਾ ਮਾਹੀਆ ਦਿੱਲੀ ਦੂਰ ਗਿਆ

ਸਿੱਟੇ ਹਵਾ ਨਾਲ ਹਿੱਲਦੇ ਨੇ
ਨਰਕਾਂ ਨੂੰ ਜਾਣ ਵੇ ਰੱਬਾ ਵੇ
ਜਿਹੜੇ ਜ਼ਖਮਾਂ ਨੂੰ ਛਿੱਲਦੇ ਨੇ

ਬੇਰ ਬੇਰੀਆਂ ਨੂੰ ਲੱਗ ਗਏ ਨੇ
ਢੋਲੇ ਖੇਤਾਂ ਵਿੱਚ ਗਾ ਮਾਹੀਆ
ਵੱਟਾਂ ਬੰਨੇ ਸਾਂਭ ਲਵਾਂਗੇ ਵੇ
ਕਾਲ਼ੇ ਬਿੱਲ ਗਲ਼ੋਂ ਲਾਹ ਮਾਹੀਆ

ਬੇਰ ਸੂਹੇ ਹੋ ਗਏ ਨੇ
ਤੇਰੀ ਕਲਮ ਨੇ ਨਹੀਂ ਜੂ ਚੱਲਣਾ ਵੇ
ਲੋਕੀਂ ਅੜ ਕੇ ਖਲੋ ਗਏ ਨੇ
■

**-Dr. Sukhwinder Kaur Malhi**
**910 Jordon Cr., Edmonton, Alberta t6l 6x5**
**Canada**



ਸੁਰਿੰਦਰ ਗੀਤ
ਕੈਨੇਡਾ

# ਹਵਾ ਨੂੰ ਗੱਲ ਨਾ......

ਹਵਾ ਨੂੰ ਗੱਲ ਨਾ ਆਈ ਹਵਾ ਤੋਂ ਮੈਂ ਜਦੋਂ ਪੁੱਛਿਆ
ਕਿ ਕਿਹੜੀ ਗੱਲ ਤੋਂ ਰੁੱਖਾਂ ਤੋਂ ਹਰ ਇਕ ਆਲ੍ਹਣਾ ਡਿੱਗਿਆ

ਉਹ ਪੰਛੀ ਮੁਸਕਰਾਏ ਤੇ ਬੁਲੰਦ ਕਰ ਹੌਸਲਾ ਬੋਲੇ
ਅਸੀਂ ਨਾ ਅੱਜ ਹਾਰੇ ਹਾਂ ਤੇ ਨਾ ਹੀ ਹਾਰਨਾ ਸਿੱਖਿਆ

ਸੁਣਾ ਮੈਨੂੰ ਕਹਾਣੀ ਆਪਣੇ ਦੁੱਖਾਂ ਅਜਾਬਾਂ ਦੀ
ਘਰੌਂਦਾ ਫਿਰ ਬਨਾਉਣਾ ਹੈ ਉਹ ਤੀਲਾ ਲੈਣ ਸੀ ਉੱਡਿਆ

ਸਿਆਸਤ ਦੇ ਡਰਾਵੇ ਹੁਣ ਇਰਾਦੇ ਬਦਲ ਨੀ ਸਕਦੇ
ਜਿੰਨ੍ਹਾਂ ਨੇ ਸੱਚ ਲਈ ਮਰਨਾ ਤੇ ਹੱਕ ਲਈ ਜੂਝਣਾ ਮਿਥਿਆ

ਖੁਦਾ ਰੱਖੀਂ ਸਲਾਮਤ ਤੂੰ ਕਿਸਾਨਾਂ ਤੇ ਜਵਾਨਾਂ ਨੂੰ
ਉਗਾਉਂਦਾ ਅੰਨ ਜੇ ਬਾਪੂ ਤਾਂ ਪੁੱਤ ਸਰਹੱਦ ਤੇ ਡਟਿਆ
■

# ਜੁੜਾਂਗੇ, ਲੜਾਂਗੇ ਤੇ ਜਿੱਤਾਂਗੇ

ਸੱਤ ਸਮੁੰਦਰ ਪਾਰ
ਮੈਂ ਬੈਠੀ
ਖ਼ਬਰਾਂ ਪੜ੍ਹਦੀ
ਖ਼ਬਰਾਂ ਸੁਣਦੀ
ਖ਼ਬਰਾਂ ਵੇਂਹਦੀ
ਭਾਵੁਕ ਹੁੰਦੀ
ਸੋਚ 'ਚ ਡੁੱਬੀ
ਪਲਾਂ ਛਿਣਾਂ ਵਿੱਚ
ਪੁੱਜ ਜਾਂਦੀ ਹਾਂ
ਦਿੱਲੀ ਦੇ ਬਾਰਡਰ ਦੇ ਉੱਤੇ
ਜਿੱਥੇ ਮੇਰੇ
ਬਾਪੂ ਵਰਗੇ
ਤਾਏ ਚਾਚੇ
ਮਾਵਾਂ ਵਰਗੀਆਂ
ਤਾਈਆਂ ਚਾਚੀਆਂ
ਹਮ ਉਮਰ ਦੇ
ਭੈਣ ਭਾਈ
ਸੋਹਣੇ ਬਾਂਕੇ ਗਭਰੂ ਪੁੱਤ
ਗੰਦਲਾਂ ਵਰਗੀਆਂ ਸੋਹਣੀਆਂ ਧੀਆਂ
ਲੱਖਾਂ ਦੀ ਗਿਣਤੀ ਵਿੱਚ
ਹੱਥਾਂ ਵਿੱਚ ਕਿਰਸਾਨੀ ਦੇ
ਝੰਡੇ ਫੜਕੇ
ਟਰੈਕਟਰ ਟਰਾਲੀਆਂ ਵਿੱਚ ਬੈਠੇ ਹਨ
ਇਉਂ ਲਗਦੈ
ਜਿਵੇਂ ਇਹਨਾਂ ਨੇ
ਟਰੈਕਟਰ ਅਤੇ ਟਰਾਲੀਆਂ ਦੇ ਨਾਲ
ਸ਼ਹਿਰ ਨਵਾਂ ਵਸਾ ਲਿਆ ਹੋਵੇ
ਉਹਨਾਂ ਦੇ ਨਾਲ
ਮੈਂ ਵੀ ਠੰਡ ਨਾਲ
ਠੁਰ ਠੁਰ ਕਰਦੀ ਹਾਂ
ਆਪਣੇ ਆਪ ਨੂੰ

ਟਰਾਲੀ ਹੇਠ ਸੁੱਤਾ ਮਹਿਸੂਸ ਕਰਦੀ ਹਾਂ
ਠੰਡ ਹੋਰ ਵੱਧਦੀ ਹੈ
ਆਪਣੇ ਆਪ ਨੂੰ ਇਕੱਠਾ ਕਰ
ਉੱਠਦੀ ਹਾਂ
ਪਿੰਡੋਂ ਟਰਾਲੀ ਭਰਕੇ
ਲਿਆਂਦੀਆਂ ਪਾਥੀਆਂ ਨਾਲ
ਧੂਣੀ ਬਾਲ ਕੇ
ਅੱਗ ਸੇਕ ਰਹੇ
ਆਪਣੇ ਭੈਣ ਭਰਾਵਾਂ ਦੇ ਵਿਚਕਾਰ
ਆ ਬੈਠਦੀ ਹਾਂ
ਹਰ ਇਕ ਦੇ ਚਿਹਰੇ ਵੱਲ
ਦੇਖਦੀ ਹਾਂ
ਧੌਲੀਆਂ ਦਾੜ੍ਹੀਆਂ ਵਿੱਚੋਂ ਝਾਕਦੀਆਂ
ਝੁਰੜੀਆਂ
ਡੂੰਘੀਆਂ ਧੱਸੀਆਂ ਅੱਖਾਂ
ਅੱਖਾਂ ਵਿੱਚ ਆਪਣੀ ਹੀ ਸਰਕਾਰ ਦੇ
ਬਣਾਏ ਕਿਸਾਨ ਵਿਰੋਧੀ
ਕਾਨੂੰਨਾਂ ਪ੍ਰਤੀ ਰੋਹ
ਸੱਚੇ ਗੁਰੂ ਦੇ
ਸੱਚੇ ਥਾਪੜੇ ਦੀ ਛੋਹ
ਸੀਨਿਆਂ ਵਿੱਚ ਹੱਕਾਂ ਲਈ
ਦਹਿਕਦੀਆਂ ਮੰਗਾਂ
ਨਾ ਕੋਈ ਝਿਜਕ
ਤੇ ਨਾ ਕੋਈ ਸੰਗਾਂ
ਧੂਣੀ ਦੇ ਸੇਕ ਨਾਲੋਂ ਵੱਧ
ਸਿੱਖ, ਹਿੰਦੂ, ਮੁਸਲਿਮ ਦੇ ਏਕੇ
ਤੇ ਪੂਰੇ ਭਾਰਤ ਦੇ
ਕਿਰਤੀ ਕਿਸਾਨਾਂ ਦੇ ਸਾਥ
ਦਾ ਨਿੱਘ ਮਹਿਸੂਸ ਕਰਦੇ
ਇਕ ਜੁੱਟ ਹੋ ਕੇ ਬੈਠੇ ਕਿਰਤੀ ਕਿਸਾਨ
ਪਰ
ਹਰ ਚੇਹਰੇ ਤੇ
ਇਕ ਸੋਚ ਫੈਲਦੀ ਹੈ
ਕਿ ਕਿਵੇਂ ਉਹਦੀ ਵੱਟ ਤੇ

ਕੋਈ ਧਨਾਢ ਆਣ ਖੜੇਗਾ
ਉਹਦੇ ਖੇਤ ਦਾ ਮਾਲਕ ਬਣੇਗਾ
ਆਪਣੇ ਹੀ ਖੇਤ 'ਚ
ਦਿਹਾੜੀਆ ਬਣ
ਸੋਨੇ ਦੀ ਚਾਬਕ ਹੇਠ
ਮਿੱਟੀ ਨਾਲ ਮਿੱਟੀ ਹੋਵੇਗਾ
ਆਪਣੇ ਲਹੂ ਪਸੀਨੇ ਨਾਲ
ਪਾਲੀ ਫ਼ਸਲ
ਬੇਗਾਨੀ ਟਰਾਲੀ ਵਿੱਚ ਸੁੱਟ
ਘਰੇ ਖਾਲੀ ਪਰਤੇਗਾ
ਉਹ ਉੱਠ ਖਲੋਂਦਾ ਹੈ
ਸਿਰ ਤੇ ਬੰਨ੍ਹਿਆ ਪਰਨਾ
ਸੂਤ ਕਰਦਾ ਹੈ
ਪੱਗੜੀ ਸੰਭਾਲਦਾ ਹੈ
ਬੁੱਕਲ ਮਾਰਿਆ ਖੇਸ
ਲਾਹ ਕੇ ਵਗਾਹ ਮਾਰਦਾ ਹੈ
ਇਨਕਲਾਬ ਜ਼ਿੰਦਾਬਾਦ
ਦੇ ਨਾਹਰੇ ਲਾਉਂਦਾ
ਟਰਾਲੀਆਂ ਹੇਠਾਂ ਸੁੱਤਿਆਂ ਨੂੰ
ਜਗਾਉਂਦਾ
ਦਿੱਲੀ ਵੱਲ ਮੂੰਹ ਕਰਕੇ
ਉੱਚੀ ਆਵਾਜ਼ ਵਿੱਚ ਆਖਦਾ ਹੈ
ਅਸੀਂ ਜੁੜਾਂਗੇ
ਅਸੀਂ ਲੜਾਂਗੇ
ਅਸੀਂ ਜਿੱਤਾਂਗੇ
■

**-Surinder Geet**
**Canada**
**sgeetgill@gmail.com**

# ਹਰੀ ਕ੍ਰਾਂਤੀ ਬਨਾਮ
# ਹਰੇ ਝੰਡੇ ਵਾਲੀ ਕ੍ਰਾਂਤੀ



ਨਿਰੰਜਣ ਬੋਹਾ
ਇੰਡੀਆ

ਹਰੀ ਕ੍ਰਾਂਤੀ ਨੇ
ਆਪਣੇ ਮੁੱਢਲੇ ਪੜਾਅ 'ਤੇ
ਧਰਤੀ ਦੇ ਜਾਇਆਂ ਨੂੰ
ਉਹਨਾਂ ਦੀ ਖੁਸ਼ਹਾਲੀ ਦਾ
ਸੁਪਨਾ ਤਾਂ ਵਿਖਾਇਆ
ਪਰ ਇਹ ਸੁਪਨਾ
ਆਪਣੇ ਜੰਮਨ ਤੋਂ ਪਹਿਲਾਂ ਹੀ
ਬੈਂਕਾਂ, ਸ਼ਾਹੂਕਾਰਾਂ ਤੇ ਬਹੁ ਕੌਮੀ ਕੰਪਨੀਆਂ ਕੋਲ
ਗਿਰਵੀ ਪਏ ਹੋਣ ਕਾਰਨ
ਉਹਨਾਂ ਦੇ ਰਾਸ ਨਾ ਆਇਆ
ਹਰੀ ਕ੍ਰਾਂਤੀ ਦਾ ਸੁਪਨਾ
ਧਰਤੀ 'ਚ ਬੀਜਣ ਲਈ
ਕਿਸਾਨ ਕੋਲ ਮਿਹਨਤ ਤਾਂ ਸੀ
ਤੇ ਉਸ ਕੋਲ ਸਮੇਂ ਦੀ ਵੀ ਘਾਟ ਨਹੀਂ ਸੀ
ਪਰ ਉਸ ਕੋਲ ਇਸ ਤੇ ਆਉਣ ਵਾਲਾ
ਲਾਗਤ ਖਰਚ ਰੂਪੀ ਸਰਮਾਇਆ ਨਹੀਂ ਸੀ

ਅਜਿਹੇ ਮੌਕੇ ਮੀਸਣਾ ਜਿਹਾ ਬਣ ਕੇ
ਕਾਰਪੋਰੇਟ ਜਗਤ
ਆਪਣੇ ਬੈਂਕਿੰਗ ਅਦਾਰਿਆਂ ਸਮੇਤ ਅੱਗੇ ਆਇਆ
ਤੇ ਉਸ ਮੋੜਣ ਯੋਗ ਪੂੰਜੀ ਦਾ
ਖੁਲ੍ਹਾ ਲੰਗਰ ਵਰਤਾਇਆ
ਕਿਸਾਨਾਂ ਨੂੰ ਟਰੈਟਰ, ਕਾਰਾਂ, ਖਰੀਦਣ ਤੇ
ਕੋਠੀਆਂ ਪਾਉਣ ਲਈ ਭਰਮਾਇਆ

ਜਦੋਂ ਜ਼ਮੀਨਾਂ ਦੀਆਂ ਫਰਦਾਂ
ਤੇ ਕਿਸਾਨੀ ਅੰਗੂਠੇ
ਬੈਂਕਾਂ ਦੀ ਪੂੰਜੀ ਬਣ ਗਏ
ਤਾਂ ਧਰਤੀ ਦੇ ਜਾਇਆਂ ਨੂੰ ਹੋਸ਼ ਆਇਆ
ਕਿ ਇਹ ਰਾਹ ਖੁਸ਼ਹਾਲੀ ਵੱਲ ਨਹੀਂ

ਸਗੋਂ ਖੁਦਕੁਸ਼ੀਆਂ ਵੱਲ ਜਾਂਦਾ ਹੈ

ਸੰਸਾਰ ਕਾਰਪੋਰੇਟ ਨੇ ਆਪਣੇ ਗੁਲਾਮ
ਸੱਤਾ ਪੱਖ ਰਾਹੀਂ ਧਰਤੀ ਦੇ ਜਾਇਆਂ ਤੋਂ
ਧਰਤੀ ਤੇ ਉਹਨਾਂ ਹੱਕ ਖੋਹਣ ਲਈ
ਕਾਲੇ ਕਾਨੂੰਨਾਂ ਦਾ ਕੁਹਾੜਾ ਚਲਾਇਆ ਤਾਂ
ਕਿਰਤੀ ਕਿਸਾਨਾਂ ਨੂੰ ਸਮਝ ਆਇਆ
ਕਿ ਉਹਨਾਂ ਨੂੰ ਹਰੀ ਕ੍ਰਾਂਤੀ ਦੀ ਨਹੀਂ
ਸਗੋ ਹਰੇ ਝੰਡੇ ਤੇ ਹਰੇ ਪਰਨੇ ਦੀ
ਅਗਵਾਈ ਦੀ ਲੋੜ ਹੈ

ਇਹ ਅਗਵਾਈ ਦਿੱਲੀ ਦੇ ਕਿੰਗਰੇ ਢਾਹ ਕੇ
ਵਾਪਸ ਪਰਤੀ ਹੈ ਤਾਂ
ਕਿਰਤੀ ਕਿਸਾਨਾਂ ਅੰਦਰ
ਖੁਸ਼ਹਾਲੀ ਦੇ ਸੁਪਨਿਆਂ ਨੇ ਵੀ
ਫਿਰ ਤੋਂ ਅੰਗੜਾਈ ਲਈ ਹੈ

ਬੱਸ ਹੁਣ ਤਾਂ ਉਹਨਾਂ ਦੀ ਇਹੋ ਹੀ ਕਾਮਨਾ ਹੈ
ਕਿ ਇਹ ਅਗਵਾਈ
ਆਪਣੇ ਏਕਤਾ ਦੇ ਅਕੀਦਿਆਂ ਤੋਂ ਭਟਕੇ ਨਾ
ਤੇ ਝੰਡੇ ਦੇ ਗੂੜੇ ਫਿੱਕੇ ਰੰਗਾਂ ਨੂੰ ਲੈ ਕੇ
ਆਪਸ ਵਿਚ ਭੜਕੇ ਨਾ

ਇਹ ਅਗਵਾਈ ਸੱਤਾ ਪੱਖ ਨਾਲ
ਆਪਣੀ ਦੂਰੀ ਬਣਾ ਕੇ ਰੱਖੇ
ਇਹ ਅਗਵਾਈ ਜ਼ਿੰਦਾਬਾਦ ਹੈ
ਤੇ ਜ਼ਿੰਦਾਬਾਦ ਹੀ ਰਹੇ
■

**-Niranjan Boha**
**Boha, India**
**niranjanboha@yahoo.com**

# ਇਹ ਸਾਵਣ ਵੀ ਇੰਜ ਨਾ ਆਇਆ



ਅਰਤਿੰਦਰ ਸੰਧੂ
ਇੰਡੀਆ

ਇਹ ਸਾਵਣ ਵੀ ਇੰਜ ਨਾ ਆਇਆ
ਲੱਗਦੇ ਜਿਵੇਂ ਆਸਾਰ ਸੀ
ਇੱਕ ਵਾਰੀਂ ਫਿਰ ਵਾਪਸ ਮੁੜ ਗਈ
ਦਰ ਤੇ ਖੜੀ ਬਹਾਰ ਸੀ

ਬੱਦਲ਼ੀਆਂ ਚੜ੍ਹ ਚੜ੍ਹ ਆਈਆਂ ਵੀ ਸਨ
ਹਵਾ ਨੇ ਖ਼ੂਬ ਘੁਮਾਈਆਂ ਵੀ ਸਨ
ਖਿੱਲਰੀ ਹਰ ਬੱਦਲ਼ੀ ਕਿ ਉਸ ਨੂੰ
ਨਿੱਜੀ ਦਿਸ਼ਾ ਦਰਕਾਰ ਸੀ...ਇਹ ਸਾਵਣ...

ਰਮਜ਼ ਅੰਬਰ ਦੀ ਸਮਝ ਨਾ ਆਈ
ਲੈਣ ਲੱਗੇ ਸੀ ਚਾਅ ਅੰਗੜਾਈ
ਪਰ ਸੱਧਰਾਂ ਦੇ ਬੀਜਾਂ ਤਾਈਂ
ਪਹੁੰਚ ਨਾ ਸਕੀ ਫੁਹਾਰ ਸੀ..ਇਹ ਸਾਵਣ...

ਪੂੜੇ ਬਣੇ ਨਾ ਖੀਰਾਂ ਰਿੱਝੀਆਂ
ਸਉਣ ਮਹਿਕ ਦੀਆਂ ਪੌਣਾਂ ਗਿੱਝੀਆਂ
ਰੁੱਸੀਆਂ ਖਿਝੀਆਂ ਵਗਦੀਆਂ ਰਹੀਆਂ
ਖੇਤਾਂ ਦੇ ਵਿਚਕਾਰ ਸੀ...ਇਹ ਸਾਵਣ..

ਚਾਅ ਪੁੰਗਰੇ ਨਾ ਪੀਂਘਾਂ ਪਈਆਂ
ਸਭ ਫਿਕਰਾਂ ਦੇ ਖਾਤੇ ਗਈਆਂ
ਸਤਰੰਗੀਆਂ ਪੀਂਘਾਂ ਨੱਚਣਾ ਤਾਂ
ਖੇਤਾਂ ਦੇ ਦਰਬਾਰ ਸੀ...ਇਹ ਸਾਵਣ ....

ਰਮਜ਼ ਧਰਤ ਦੀ ਸਮਝਣ ਵਾਲੇ
ਧਰਤੀ ਦੇ ਪੁੱਤਰ ਰਖਵਾਲੇ
ਕਿਰਤੀ ਬੈਠੇ ਸੜਕਾਂ ਉੱਤੇ
ਮਹਿਲਾਂ ਵਿੱਚ ਸਰਕਾਰ ਸੀ...ਇਹ ਸਾਵਣ...

ਜੀਣ ਦੇ ਮਸਲੇ ਵੱਡੇ ਹੋਏ

ਗਿੱਧੇ ਮਨਾਂ ਦੇ ਅੰਦਰ ਰੋਏ
ਸਉਣ ਰੁੱਤ ਦੇ ਰੰਗ ਗੁਆਚੇ
ਸੰਸਿਆਂ ਦੇ ਵਿਚਕਾਰ ਸੀ

ਇਹ ਸਾਵਣ ਵੀ ਇੰਜ ਨਾ ਆਇਆ
ਲੱਗਦੇ ਜਿਵੇਂ ਆਸਾਰ ਸੀ
ਇੱਕ ਵਾਰੀਂ ਫਿਰ ਵਾਪਸ ਮੁੜ ਗਈ
ਦਰ ਤੇ ਖੜੀ ਬਹਾਰ ਸੀ
■

# ਪੱਗੜੀ ਸੰਭਾਲਣ ਵਾਸਤੇ

ਪਹਿਲਾਂ ਉਹ ਦਰਿਆ ਬਣੇ
ਤੇ ਫਿਰ ਸਮੁੰਦਰ ਹੋ ਗਏ
ਹੋਂਦ 'ਤੇ ਹੀ ਆ ਬਣੀ
ਤਾਂ ਫਿਰ ਬਵੰਡਰ ਹੋ ਗਏ

ਪੱਗੜੀ ਸੰਭਾਲਣ ਵਾਸਤੇ
ਇੱਕ ਵਾਰ ਫਿਰ ਤੁਰੇ ਕਿਸਾਨ
ਰਾਜਿਆਂ ਦੇ ਸ਼ਹਿਰ ਦੇ ਜਦ
ਤੇਜ਼ ਖੰਜਰ ਹੋ ਗਏ

ਤਖ਼ਤ ਦੀ ਪੱਸਰੀ ਤਮ੍ਹਾਂ
ਤੇ ਧਰਤ ਖਾਣ ਆ ਗਈ
ਜਾਗ ਪਏ ਪੁੱਤ ਧਰਤ ਦੇ
ਪਹਿਰੇ ਦੇ ਅੰਦਰ ਹੋ ਗਏ

ਲਹਿਰ ਸੀ ਹਰ ਇੱਕ ਜੀਅ
ਤੂਫ਼ਾਨ ਜਥਿਆਂ ਦਾ ਅਥਾਹ
ਹਾਰ ਗਈ ਹਰ ਰੋਕ
ਧਰਤੀ ਪੁੱਤ ਸਿਕੰਦਰ ਹੋ ਗਏ

ਉੱਗੀਆਂ ਹਰ ਪਾਸੇ ਹੱਦਾਂ
ਅੰਨਦਾਤੇ ਲਈ ਹੀ ਕਿਉਂ
ਕਿਉਂ ਭਲਾ ਆਸਾਂ ਦੇ ਸਾਰੇ
ਰਸਤੇ ਬੰਜਰ ਹੋ ਗਏ

ਪਹੁੰਚੇ ਆਖ਼ਰ ਸੂਰਮੇ ਜਦ
ਤਖ਼ਤ ਦੀ ਸਰਹੱਦ 'ਤੇ
ਹੱਦਾਂ ਪੈਰੀਂ ਵਿਛ ਗਈਆਂ
ਨਗਰਾਂ ਦੇ ਮੰਜ਼ਰ ਹੋ ਗਏ

ਸੰਜਮ ਵਹਾਅ ਦੇ ਵੇਗ ਦਾ

ਤੇ ਕਾਇਮ ਮਰਿਆਦਾ ਵੀ ਹੈ
ਸਿਰਜੀਆਂ ਹੱਦਾਂ ‘ਤੇ ਆਪੇ
ਉਨ੍ਹਾਂ ਅੰਦਰ ਹੋ ਗਏ

ਪੱਗੜੀ ਸੰਭਾਲਣ ਵਾਸਤੇ
ਇੱਕ ਵਾਰ ਫਿਰ ਤੁਰੇ ਕਿਸਾਨ
ਰਾਜਿਆਂ ਦੇ ਸ਼ਹਿਰ ਦੇ ਜਦ
ਤੇਜ਼ ਖੰਜਰ ਹੋ ਗਏ
■

**-Artinder Sandhu**
**Amritsar, India**
**98153-02081**

# ਸਵਾਲ



ਡਾ. ਮੋਹਨ ਤਿਆਗੀ
ਇੰਡੀਆ

ਯੁੱਗਾਂ ਯੁੱਗਾਂ ਤੋਂ ਸ਼ਾਹੂਕਾਰਾਂ ਦੇ ਸਤਾਏ ਹੋਏ
ਹਲ
ਪੰਜਾਲੀਆਂ ਤੇ ਫਾਲ੍ਹੇ
ਆਖਰ ਦਿੱਲੀ ਵੱਲ ਚੱਲ ਪਏ ਨੇ
ਹਾਕਮ ਦੀ ਹਿੱਕ ਤੇ
ਲੋਕ-ਮੁਕਤੀ ਦਾ ਸੂਹਾ ਇਤਿਹਾਸ ਲਿਖਣ

ਜਿਨ੍ਹਾਂ ਨੂੰ ਗਲੋਬਲ ਪਿੰਡ ਦੇ ਬਹਿਰੂਪੀਏ ਪੈਂਚ ਨੇ
ਹੁਣੇ ਹੁਣੇ ਤਿੰਨ ਕਾਰਪੋਰੇਟੀ ਕਾਨੂੰਨਾਂ 'ਚ ਬੰਨ੍ਹ ਕੇ
ਲੋਕ-ਹਿੱਤਾਂ ਦਾ ਨਵਾਂ ਲਾਰਾ ਦਿੱਤਾ ਹੈ
ਭਾਰਤ ਦੇ ਸਮੁੱਚੇ ਵਿਕਾਸ ਦਾ ਨਵਾਂ
ਨਾਹਰਾ ਦਿੱਤਾ ਹੈ

ਪਰ ਜੇ ਸੱਚਮੁੱਚ ਇਹ ਤਿੰਨੇ ਖੇਤੀ ਕਾਨੂੰਨ
ਮੇਰੇ ਲੋਕਾਂ ਦੇ
ਮੇਰੇ ਖੇਤਾਂ ਦੇ
ਮੇਰੇ ਪਿੰਡ ਦੇ
ਹੱਕ ਵਿੱਚ ਹਨ

ਤਾਂ ਫਿਰ ਉਹ ਲੋਕਾਂ ਦੇ ਸਹਿਮ ਨਾਲ
ਆਪਣੇ ਤਖ਼ਤ ਦੀ ਕਿਲ੍ਹੇਬੰਦੀ ਕਿਉਂ ਕਰਦਾ ਹੈ
ਲੋਕਾਂ ਦੇ ਰਾਹਾਂ ਵਿੱਚ ਕੰਡਿਆਲੀ ਤਾਰ
ਕਿਉਂ ਵਿਛਾਉਂਦਾ ਹੈ
ਬੰਦੂਕਾਂ ਕਿਉਂ ਤਾਣਦਾ ਹੈ
ਕਿੱਲਾਂ ਕਿਉਂ ਗੱਡਦਾ ਹੈ
ਮੇਰੇ ਪਿੰਡ ਦੇ ਬੱਚਿਆਂ ਨੂੰ ਅੱਤਵਾਦੀ-ਵੱਖਵਾਦੀ
ਆਖ ਕੇ ਕਿਉਂ ਭੰਡਦਾ ਹੈ

ਮੈਂ ਆਏ ਦਿਨ ਆਪਣੇ ਹੱਕਾਂ ਲਈ
ਲੜ ਰਹੇ ਜੁਝਾਰੂ ਲੋਕਾਂ ਦੇ
ਚਿਹਰਿਆਂ ਤੇ

ਆਪਣੀ ਭਗਵੀਂ ਰਾਜਨੀਤੀ
ਦੇ ਇਸ਼ਤਿਹਾਰ ਚਿਪਕਾਉਣ ਵਾਲੇ
ਹਾਕਮ ਨੂੰ
ਇਹ ਕੁਝ ਸਵਾਲ ਪੁੱਛਦਾ ਹਾਂ
ਕੁਝ ਸਵਾਲ ਪੁੱਛਦਾ ਹਾਂ....
■

# ਯੁੱਧ

ਮੈਂ ਆਪਣੇ ਮੋਢਿਆਂ ਤੇ
ਆਪਣੀ ਧਰਤੀ
ਆਪਣਾ ਅਸਮਾਨ ਲੈ ਕੇ ਤੁਹਾਡੇ ਨਾਲ
ਇਹ ਅੰਤਿਮ ਯੁੱਧ ਲੜਨ ਲਈ
ਘਰੋਂ ਨਿਕਲਿਆ ਹਾਂ

ਸਿੰਘੂ ਟਿੱਕਰੀ ਜਾਂ ਫਿਰ ਕੁੰਡਲੀ
ਇਹ ਤਾਂ ਮੇਰੀ ਜ਼ਮੀਰ ਦੇ ਕੁਝ
ਜਿਉਂਦੇ ਜਾਗਦੇ
ਰੌਸ਼ਨ ਹਿੰਦਸੇ ਨੇ
ਜਿਨ੍ਹਾਂ ਤੇ ਮੈਂ ਇਸ ਔਖੀ ਘੜੀ ਵਿਚ
ਆਪਣਾ ਇਤਿਹਾਸ ਲਿਖਣ ਲਈ
ਆਣ ਟਿਕਿਆ ਹਾਂ

ਤੁਸੀਂ ਮੇਰੀ ਮਿੱਟੀ ਨੂੰ ਆਪਣੇ ਹੀ
ਢੰਗ ਨਾਲ
ਕਿਸੇ ਵੀ ਵਿਸ਼ੇਸ਼ਣ ਕਿਸੇ ਵੀ ਪਰਿਭਾਸ਼ਾ
ਨਾਲ ਤੁਲਨਾ ਸਕਦੇ ਹੋ
ਅੱਤਵਾਦੀ–ਵੱਖਵਾਦੀ ਜਾਂ ਫਿਰ
ਨੈਕਸਲਾਈਟ ਆਖਕੇ
ਕੋਈ ਵੀ ਮਨਚਾਹੀ ਕਥਾ ਬਣਾ
ਸਕਦੇ ਹੋ

ਪਰ ਮੈਂ ਇਸ ਸੰਸਦੀ ਸਾਜ਼ਿਸ਼
ਦੇ ਧੁੰਧੂਕਾਰਿਆਂ ਵਿੱਚ
ਸਭ ਕੁਝ ਸਮਝਦਾ ਹਾਂ
ਆਪਣੀ ਮਿੱਟੀ ਦਾ ਅਹਿਦਨਾਮਾ
ਆਪਣੇ ਪੁਰਖਿਆਂ ਦੀ ਵਿਰਾਸਤ
ਪਛਾਣਦਾ ਹਾਂ

ਇਤਿਹਾਸ ਗਵਾਹ ਹੈ

ਇਹ ਮਿੱਟੀ ਹਰ ਜੋਰ ਜਬਰ ਤੇ
ਜ਼ੁਲਮ ਵਿੱਚ
ਮੇਰੇ ਸਿਰ ਚੜ੍ਹਕੇ ਬੋਲਦੀ ਹੈ

ਤੁਹਾਡੇ ਇਨ੍ਹਾਂ ਸ਼ਾਹੀ ਫ਼ਰਮਾਨਾਂ
ਅਤੇ ਫ਼ਤਵਿਆਂ ਦੀ
ਦਹਿਸ਼ਤ ਵਿੱਚ
ਇਹ ਮਿੱਟੀ ਹੁਣ ਖਾਮੋਸ਼
ਨਹੀਂ ਬੈਠੇਗੀ

ਮੇਰੇ ਪਿੰਡ ਦੇ ਯੁਗਾਂ ਯੁਗਾਂ ਤੋਂ
ਸਤਾਏ ਹੋਏ ਲੋਕ
ਇਸ ਮਿੱਟੀ ਦੇ ਵਾਰਿਸ
ਕਾਫ਼ਲੇ ਬੰਨ੍ਹ ਰਾਜਧਾਨੀ ਵੱਲ
ਚਲ ਪਏ ਨੇ
ਤੁਹਾਡੇ ਨਾਲ ਇਹ ਆਖਰੀ ਜੰਗ
ਲੜਨ
ਹੁਣ ਇਹ ਮਿੱਟੀ ਆਪਣੀ ਕਥਾ
ਆਪਣਾ ਇਤਿਹਾਸ
ਖ਼ੁਦ ਲਿਖੇਗੀ
■

**-Dr. Mohan Tyagi**
**Patiala, India**
**mohan.tyagi28@yahoo.com**

# ਆ ਬੈਠੇ ਆਂ



ਡਾ. ਲੋਕ ਰਾਜ
ਯੂ.ਕੇ.

ਰਣ-ਭੂਮੀ ਵਿੱਚ ਆ ਬੈਠੇ ਆਂ
ਪਿੰਡ ਘਰ ਬਾਰ ਭੁਲਾ ਬੈਠੇ ਆਂ

ਤੇਰੀ ਵੀ ਜੇ ਜ਼ਿਦ ਹੈ ਦਿੱਲੀਏ
ਅਸੀਂ ਵੀ ਆਢਾ ਲਾ ਬੈਠੇ ਆਂ

ਧਰਮ ਜਾਤ ਬੋਲੀ ਪਹਿਰਾਵਾ
ਸਾਰੇ ਫਰਕ ਮੁਕਾ ਬੈਠੇ ਆਂ

ਸਾਡੀ ਮਿੱਟੀ, ਮਾਂ ਹੈ ਸਾਡੀ
ਸੌਂਹ ਮਿੱਟੀ ਦੀ ਖਾ ਬੈਠੇ ਆਂ

ਰਣ-ਭੂਮੀ ਹੀ ਤਪ-ਭੂਮੀ ਹੈ
ਦੇਖ ਲੈ ਅਲਖ ਜਗਾ ਬੈਠੇ ਆਂ

ਤੂੰ ਵੀ ਆ ਜਾ, ਜੀ ਆਇਆਂ ਨੂੰ
ਗੁਰੂ ਦਾ ਲੰਗਰ ਲਾ ਬੈਠੇ ਆਂ

ਏਕਾ ਹੀ ਹਥਿਆਰ ਹੈ ਸਾਡਾ
ਸਿਰ-ਧੜ ਬਾਜ਼ੀ ਲਾ ਬੈਠੇ ਆਂ

ਸਿਤਮ ਤੁਹਾਡਾ, ਸਿਦਕ ਅਸਾਡਾ
ਯੁੱਧ ਦਾ ਬਿਗ਼ਲ ਬਜਾ ਬੈਠੇ ਆਂ
■

# ਬਹੁਤ ਅਰਸੇ ਬਾਅਦ

ਅਜਿਹਾ ਹੋਇਆ ਹੈ
ਕਿ ਰੋਸ, ਰੋਹ ਬਣ ਕੇ
ਸਹੀ ਦਿਸ਼ਾ 'ਚ ਵਹਿ ਤੁਰਿਆ ਹੈ
ਲੋਕ ਏਕਤਾ ਦਾ
ਠਾਠਾਂ ਮਾਰਦਾ ਦਰਿਆ
ਉਸ ਕਿਲ੍ਹੇ ਵਲ ਵਧਿਆ ਹੈ
ਜਿੱਥੇ ਇਸ ਦੇ ਪਾਣੀਆਂ ਨੂੰ ਵੰਡਣ
ਤੇ ਧਰਤੀ ਨੂੰ ਰੰਗਣ ਦੀਆਂ
ਸਾਜ਼ਿਸ਼ਾਂ ਜਨਮ ਲੈਂਦੀਆਂ ਨੇ
ਵਰ੍ਹਿਆਂ ਦੀ ਪੀੜ ਦੇ ਹਿਮਾਲਾ ਚੋਂ
ਅਖ਼ੀਰ ਗੰਗਾ ਨਿੱਕਲ ਤੁਰੀ ਹੈ
ਗੰਗਾ, ਜੋ ਜਾਮਨ ਬਣੇਗੀ
ਜਿਊਂਦੇ ਲੋਕਾਂ ਦੀ ਮੁਕਤੀ ਦੀ
■

**-Dr. Lok Raj**
**U.K.**
**drlokraj@hotmail.com**

# ਸਿੰਘੂ ਬਾਰਡਰ ਤੋਂ



ਅਵਤਾਰਜੀਤ ਅਟਵਾਲ
ਇੰਡੀਆ

ਤੁਸੀਂ ਔੜ ਬਣਕੇ ਆਏ ਹੋ
ਅਸੀਂ ਸਾਉਣ ਬਣਕੇ ਵਰਾਂਗੇ
ਤੁਸੀਂ ਮੌਤ ਬੀਜੀ ਧਰਤ ਤੇ
ਅਸੀਂ ਜ਼ਿੰਦਗੀ ਲਈ ਲੜਾਂਗੇ ...

ਤੁਸੀਂ ਔੜ ਬਣ ਕੇ ਆਏ ਹੋ
ਤੁਸੀਂ ਕਬਰ ਅਸੀਂ ਘਰ ਹਾਂ
ਸੁਕੇ ਅੱਥਰੂ ਦਾ ਅਸੀਂ ਸਬਰ ਹਾਂ
ਸੁਪਨੇ ਤਾਂ ਪਲਕਾਂ ਤੋਂ ਹੋਏ ਵਿਦਾ
ਬਲਦੀ ਅੱਖ ਦੀ ਅਸੀਂ ਨਜ਼ਰ ਹਾਂ
ਬੁੱਲ੍ਹਾਂ ਦੀਆਂ ਥੇਹਾਂ ਸਾਹਮਣੇ
ਬੋਲ ਵੰਝਲੀ ਦੇ ਅਸੀ ਬਣਾਂਗੇ

ਤੁਸੀਂ ਔੜ ਬਣ ਕੇ ਆਏ ਹੋ
ਪਲ ਪਲ ਤੇ ਮੌਤ ਲਿਖਿਆ
ਵਗਦੇ ਪਾਣੀਆਂ ਦਾ ਨਾਂ
ਕਿਨਾਰਿਆਂ ਤੋਂ ਖੋਹ ਲਿਆ ਹੱਸਣਾ
ਮਿੱਟੀ ਅੰਬਰ ਤੋਂ ਦਰਿਆ
ਸੁੱਕੇ ਰੇਤ ਲਈ ਬੇੜੀਆਂ ਦਾ
ਬਣ ਖ਼ੁਆਬ ਅਸੀਂ ਖੜ੍ਹਾਂਗੇ

ਤੁਸੀਂ ਔੜ ਬਣ ਕੇ ਆਏ ਹੋ
ਹਰ ਬਿਰਖ ਹਰ ਸ਼ਾਖ ਨੂੰ
ਤੁਸੀਂ ਤਿਲ ਤਿਲ ਮਚਾ ਲਿਆ
ਹਲ਼ ਪੰਜਾਲੀ ਕਹੀ ਦਾਤੀ
ਤੇ ਫ਼ਸਲਾਂ ਨੂੰ ਕਬਰ ਬਣਾ ਲਿਆ
ਅਸੀਂ ਹਰ ਕਬਰ ਦੀ ਰਾਖ ਵਿੱਚ
ਬੀਜ ਸੂਰਜਾਂ ਦੇ ਧਰਾਂਗੇ

ਤੁਸੀਂ ਔੜ ਬਣ ਕੇ ਆਏ ਹੋ
ਇਹ ਮੁੱਕਣੀ ਨਾ ਗੱਲ ਅਜੇ

ਬਸ ਨਦੀਆਂ ਦੀ ਪਿਆਸ ਤੇ
ਲਹੂ ਦੇ ਅੱਥਰੂ ਰੋ ਰੋ ਕੇ
ਧਰਤੀ ਦੀ ਲਾਸ਼ ਤੇ
ਗੀਤ ਗ਼ਜ਼ਲਾਂ ਮਹਿਕ ਚਾਨਣ
ਵਕਤ ਦੀ ਤਲੀ ਤੇ ਧਰਾਂਗੇ
ਤੁਸੀਂ ਔੜ ਬਣ ਕੇ ਆਏ ਹੋ ....
■

# ਖੇਤਾਂ ਤੋਂ ਪੁੱਛ ਲਵੋ

ਖੇਤਾਂ ਤੋਂ ਪੁੱਛ ਲਵੋ
ਧਰਤੀ ਆਕਾਸ਼ ਬਿਰਖ ਹਵਾ
ਵਗਦੇ ਦਰਿਆਵਾਂ ਤੋਂ ਪੁੱਛ ਲਵੋ
ਅਸੀਂ ਘਰਾਂ ਵੱਲ ਮੁੜਦੇ ਕਦਮਾਂ ਦੀ ਮੜ੍ਹਕ ਸੀ ਕਦੇ
ਤੁਸੀਂ ਹੋ ਕਿ ਕਤਲਗਾਹਾਂ ਦੀ ਬਹਿਸ
ਸਾਡੇ ਨਾਵਾਂ ਤੋਂ ਸ਼ੁਰੂ ਕਰਦੇ ਹੋ
ਮੌਸਮਾਂ ਦੀ ਖ਼ਰਾਬੀ ਦਾ ਇਲਜ਼ਾਮ
ਸਾਡੇ ਸਿਰਾਂ ਤੇ ਧਰਦੇ ਹੋ...

ਇਲਜ਼ਾਮ ਹੈ ਸਾਡੇ ਸਿਰਾਂ ਉੱਤੇ
ਕਿ ਅੱਗ ਅਸੀ ਘਰਾਂ ਤੋਂ ਕਬਰਾਂ ਤਕ ਵਿਛਾ ਦਿਤੀ
ਅੱਗ ਚੱਕਰਵਿਊ ਰਾਹਾਂ ਤੇ ਬੈਠ ਕੇ
ਜਵਾਨ ਸਾਹਾਂ ਦੀਆਂ ਪੈੜਾਂ ਸੁੰਘਦੀ...

ਰੱਖੜੀਆਂ ਦੇ ਧਾਗਿਆਂ ਤੇ ਹੱਸਦੀ
ਸੁੱਕ ਗਈਆਂ ਛਾਤੀਆਂ ਤੇ
ਕਾਲੇ ਲਤੀਫ਼ੇ ਘੜ੍ਹਦੀ
ਗਲੀਆਂ ਬੂਹਿਆਂ ਖਿੜਕੀਆਂ ਉੱਤੇ
ਅੱਕਾਂ ਦੇ ਪੱਤੇ ਬੰਨ੍ਹਦੀ
ਇਲਜ਼ਾਮ ਹੈ ਸਾਡੇ ਸਿਰਾਂ ਉੱਤੇ
ਕਿ ਅਸੀਂ ਮਘਦੇ ਸੂਰਜ ਤੇ ਸੱਥ ਚ ਉੱਡਦੀ
ਹਾਸੇ ਦੀ ਲੱਪ ਸਬੂਤ ਹੱਥਾਂ ਚੋਂ ਡੋਲ੍ਹ ਦਿੱਤੀ
ਕਿ ਅਸੀਂ ਅੱਖਾਂ ਦੇ ਸੁਪਨਿਆਂ ਦੀ ਬਰਬਾਦੀ ਹਾਂ
ਕਾਲੀਆਂ ਰਾਤਾਂ ਦੇ ਹਨੇਰੇ ਹਾਂ
ਕਸੂਰ ਸਾਡਾ ਨਾ ਹੀ ਸਾਡੀ ਧਰਤੀ ਦਾ
ਭਾਵੇਂ ਫ਼ਸਲਾਂ ਦੇ ਮੁੱਕਦੇ ਨਕਸ਼ਾਂ ਤੋਂ ਪੁੱਛ ਲਵੋ
ਕਸੂਰ ਹੈ ਸਾਜਿਸ਼ੀ ਮੀਂਹ ਦੇ
ਨਿੱਸਰੀਆਂ ਬੱਲੀਆਂ ਤੇ ਵਰ ਜਾਣਦਾ
ਬੁਲੰਦ ਸਵੈ ਦੇ ਮਰ ਜਾਣ ਦਾ
ਕਸੂਰ ਸ਼ਿਕਾਰੀ ਸੋਚਦਾ
ਜੋ ਪਰਿੰਦਿਆਂ ਨੂੰ ਪਿੰਜਰੇ ਦੀ ਅਨਿਸਚਿਤਤਾ ਚ ਬੰਨਦੀ

ਕਸੂਰ ਹੈ ਵਿਕੀ ਹੋਈ ਫਿਤਰਤ ਦਾ
ਜੋ ਸਾਹ ਪੀਂਦੀ ਤੇ ਮੌਤ ਜੀਂਦੀ
ਅਸੀਂ ਉੱਕਾ ਹੀ ਨਹੀਂ ਜਾਣਦੇ
ਸਾਡੀ ਸੰਧੂਰੀ ਉਮਰ ਨੂੰ ਕਿਵੇਂ ਲੱਗ ਗਿਆ
ਜ਼ਿੰਦਗੀ ਦੀ ਆਖ਼ਰੀ ਖਾਹਸ਼ ਪੁੱਛਣ ਦਾ ਅਹਿਸਾਸ
ਅਸੀਂ ਮਾਂ ਦੀ ਛਾਤੀ ਤੋਂ ਪੜ੍ਹਿਆ
ਬਾਪੂ ਦੇ ਲਹੂ ਦੀ ਮੜ੍ਹਕ ਕਾਇਮ ਰੱਖਣਾ
ਮਾਂ ਦੇ ਸੁਪਨਿਆਂ ਤੋਂ ਸਿੱਖਿਆ
ਮਿੱਟੀ ਤੇ ਬੀਜ ਦਾ ਰਿਸ਼ਤਾ ਬਰਕਰਾਰ ਰੱਖਣਾ
ਅਸੀਂ ਨਹੀਂ ਜਾਣਦੇ ਸਾਡੇ ਮੇਲਿਆਂ ਦੇ ਅਰਥ
ਸਿਮਟ ਗਏ ਤੇ ਕਬਰ ਜਿੰਨੀ ਥਾਂ ਵਿਚ ਕਦੋਂ
ਮੌਸਮ ਦੀ ਖ਼ਰਾਬੀ ਦਾ ਇਲਜ਼ਾਮ

ਸਾਡੇ ਸਿਰ ਹਰਗਿਜ਼ ਨਹੀਂ
ਸਾਡਾ ਜ਼ਿੰਦਗੀ ਜਿਉਣ ਦਾ ਤਰੀਕਾ
ਬਲਦਾਂ ਦੀਆਂ ਟੱਲੀਆਂ ਅਤੇ ਪਰਿੰਦਿਆਂ ਦੀ ਉਡਾਨ ‘ਚੋਂ ਉਗਦਾ
ਭਾਵੇਂ ਧਰਤੀ ਆਕਾਸ਼ ਬਿਰਖ ਹਵਾ
ਵਗਦੇ ਦਰਿਆਵਾਂ ਤੋਂ ਪੁੱਛ ਲਵੋ
ਅਸੀਂ ਪਿੰਡਾਂ ਵੱਲ ਮੁੜਦੇ ਕਦਮਾਂ ਦੀ ਮੜ੍ਹਕ ਸੀ
ਜਿਉਂਦੀਆਂ ਪੈੜਾਂ ਦੀ ਗਵਾਹੀ
ਭਾਵੇਂ ਖੇਤਾਂ ਤੋਂ ਪੁੱਛ ਲਵੋ ਦਰਿਆਵਾਂ ਦੇ ਪਾਣੀਆਂ ਤੋਂ ਪੁੱਛ ਲਵੋ
ਛਾਤੀ ਵਿਚ ਸੰਨ ਸੰਤਾਲੀ
ਅਸੀਂ ਕਦਾਚਿੱਤ ਬਣਨ ਨਹੀਂ ਦੇਣਾ ..
■

**Avtarjeet Atwal**
**Patiala, India**
**atwal1211@gmail.com**

# ਤਮਾਸ਼ਾ ਮੀਡੀਆ



ਗਗਨ ਮੀਤ
ਇੰਡੀਆ

ਸ਼ੀਸ਼ੇ ਸਾਹਵੇਂ ਖੜ੍ਹ
ਵਾਲ ਸੰਵਾਰ
ਮਾਲਿਕ
ਡੁਗਡੁਗੀ ਵਜਾਉਂਦਾ

ਗਹੁ ਨਾਲ ਸੁਣਦੇ
ਬਾਂਦਰਾਂ ਨੂੰ
ਗੋਦੀ 'ਚ ਲੈਂਦਾ
ਕਦੇ ਮੋਢੇ ਚੜਾਉਂਦਾ

ਖੁਰਕ ਮਾਰੇ ਬਾਂਦਰ
ਡੁਗਡੁਗੀ ਦੀ 'ਵਾਜ ਵਿੱਚ ਨੱਚਦੇ

ਮਾਲਿਕ ਕੋਲੋਂ
ਤਖਤੀਆਂ ਫੜ
ਗਲ 'ਚ ਪਾਉਂਦੇ

ਮਾਲਿਕ ਦਾ
ਇਸ਼ਾਰਾ ਸਮਝ
ਆਪਣੇ ਹੱਥ
ਅੱਖਾਂ, ਕੰਨ ਤੇ ਮੂੰਹ ਨੂੰ ਲਾਉਂਦੇ

ਮਾਲਿਕ ਖੁਸ਼ ਹੋ
ਸ਼ਾਬਾਸ਼ੀ ਦਿੰਦਾ

ਤਖਤੀਆਂ 'ਤੇ ਲਿਖਿਆ
ਉੱਚੀ -ਉੱਚੀ ਪੜ੍ਹਦਾ

ਕੁਝ ਨਾ ਵੇਖੋ
ਕੁਝ ਨਾ ਸੁਣੋ
ਕੁਝ ਨਾ ਬੋਲੋ ■

# ਹਾਥੀ

ਹਕੂਮਤ ਦਾ
ਹਾਥੀ
ਸਭ ਨੂੰ ਲਿਤਾੜ
ਮਸਤ ਤੋਰ ਤੁਰਦਾ

ਲੋਕਾਂ ਦੇ ਇਕੱਠ ਨੂੰ
ਕੀੜੀਆਂ ਤੁੱਲ ਸਮਝਦਾ

ਕੀੜੀਆਂ ਦੇ ਕਾਫ਼ਿਲੇ
ਵਿਚਾਰਗੀ ਨੂੰ
ਮੋਢਿਉਂ ਲਾਹ
ਹੱਕ, ਸੱਚ ਦੀ
ਮਸ਼ਾਲ ਚੁੱਕ
ਸੜਕਾਂ 'ਤੇ ਨਿਕਲੇ

ਕੀੜੀਆਂ ਦਾ ਹੜ੍ਹ ਤਕ
ਸੁੰਡ ਨੂੰ ਬਚਾਉਂਦਾ
ਮਸਤ ਤੋਰ ਭੁੱਲਿਆ
ਹਕੂਮਤ ਦਾ
ਹਾਥੀ
■

**Gagan Meet**
**India**
**gaganmeetkr0@gmail.com**

# ਕਿਸ ਨੂੰ ਦੋਸ਼ ਦੇਈਏ



ਸੋਨੀਆ ਪਾਲ
ਯੂ.ਕੇ.

ਕਿਸ ਨੂੰ ਦੋਸ਼ ਦਈਏ, ਵੇ ਹਾਕਮਾਂ
ਨਾ ਤੂੰ ਚੰਗਾ, ਨਾ ਅਸੀਂ ਮਾੜੇ

ਸਾਜ਼ਿਸ਼ ਕਰਦੈਂ ਤੇ ਮੰਨਦਾ ਨਾਹੀਂ
ਅਸੀਂ ਤਾਂ ਵੀ ਕੱਢੀਏ, ਵੇ ਤੇਰੇ ਹਾੜੇ

ਦੀਵਾ ਬਾਲ ਬਨੇਰੇ ਧਰੀਏ
ਹਨੇਰਾ ਜਦ ਵੀ ਸਾਨੂੰ ਤਾੜੇ

ਹਿੱਕ ਭੰਨਵੀਂ ਅਸੀਂ ਮਿਹਨਤ ਕਰਦੇ
ਸਾਡੇ ਧਰਤ ਨਾ' ਰਿਸ਼ਤੇ ਗਾੜ੍ਹੇ

ਨਾਮ ਜਪੀਏ ਤੇ ਵੰਡ ਕੇ ਛਕੀਏ
ਸਾਨੂੰ ਨਾਮ ਖੁਮਾਰੀ ਚਾੜ੍ਹੇ

ਕਾਲੇ ਕਾਨੂੰਨਾਂ ਦੀ ਤਾਣੀ ਨਾ ਸੁਲਝੇ
ਸਾਡਾ ਤਨ-ਮਨ-ਧਨ ਤੂੰ ਸਾੜੇ

ਸਰਬੱਤ ਦਾ ਭਲਾ ਮੰਗਣ ਵਾਲੇ
ਅਸੀਂ ਸਿੱਧੇ ਸਾਦੇ ਬਾਣੀ ਦੇ ਪਾੜ੍ਹੇ
■

# ਪੰਜਾਬਣ ਦਾ ਦਿੱਲੀ ਨਾਲ ਸੰਵਾਦ

ਕਣਕ ਦੀਆਂ ਬੱਲੀਆਂ ਨੂੰ
ਝੁਕ ਕੇ ਮੈਂ ਚੁੱਗ ਲਵਾਂ
ਝੋਨੇ ਦੀਆਂ ਮੁੰਜਰਾਂ ਨੂੰ
ਡੰਮਾਂ 'ਤੇ ਮੈਂ ਝਾੜ ਲਵਾਂ

ਘਾਹ ਦੀਆਂ ਪੰਡਾਂ ਨੂੰ
ਸਿਰ 'ਤੇ ਮੈਂ ਢੋਹ ਲਵਾਂ
ਰੋਹੀ ਦਿਆਂ ਪੱਤਿਆਂ ਨੂੰ
ਹੱਥਾਂ ਨਾਲ ਹੂੰਝ ਲਵਾਂ

ਰੁੱਖਾਂ ਦਿਆਂ ਸੱਕਾਂ ਨੂੰ
ਜ਼ੋਰ ਲਾ ਝਰੀਟ ਲਵਾਂ
ਤੂੜੀ ਦਿਆਂ ਕੁੱਪਾਂ ਨੂੰ
ਮੈਂ ਤੁੰਨ੍ਹ ਤੁੰਨ੍ਹ ਬੰਨ੍ਹ ਲਵਾਂ

ਆੜਾਂ ਵਿੱਚ ਪਾਣੀਆਂ ਨੂੰ
ਹੱਸ ਹੱਸ ਮੋੜ ਲਵਾਂ
ਆਲੂਆਂ ਦੇ ਬੂਟਿਆਂ ਨੂੰ
ਧੁੱਪਾਂ 'ਚ ਮੈਂ ਪੁੱਟ ਲਵਾਂ

ਤਾਅ ਕੇ ਗੋਲ ਤਵੀ ਨੂੰ
ਰੋਟੀਆਂ ਮੈਂ ਲਾਹ ਲਵਾਂ
ਚੁੱਲ੍ਹੇ ਧਰ ਦੇਗਚੀ ਨੂੰ
ਖੇਤਾਂ ਚਾ ਪਹੁੰਚਾ ਲਵਾਂ

ਸਿਰੜ ਨਾਲ ਮਿੱਟੀ ਨੂੰ
ਖਰੇ ਸੋਨੇ 'ਚ ਵਟਾ ਲਵਾਂ
ਹੱਥੀਂ ਘੱਲ 'ਦਾਰ ਜੀ ਨੂੰ
ਸੁੱਖ ਮੈਂ ਮਨਾ ਲਵਾਂ

ਕਾਲਿਆਂ ਕਨੂੰਨਾਂ ਤਾਈਂ

ਰੱਦ ਮੈਂ ਕਰਾ ਲਵਾਂ
ਸਿੰਘੂ ਦੇ 'ਪੰਜਾਬ' ਨੂੰ ਮੈਂ
ਫਤਹਿ ਤਾਂ ਬੁਲਾ ਲਵਾਂ

ਫੇਰ ਆ ਕੇ ਗੱਲ ਤੇਰੀ
ਸੁਣਾਂਗੀ ਮੈਂ ਦਿੱਲੀਏ
ਫੇਰ ਆ ਕੇ ਗੱਲ ਤੇਰੀ
ਸੁਣਾਂਗੀ ਮੈਂ ਦਿੱਲੀਏ
■

**Sonia Pal**
**Wolverhampton, U.K.**
**soniapal2811@yahoo.co.in**



# ਕਿਸਾਨੀ ਸੰਘਰਸ਼

ਅਮਰਜੀਤ ਕੌਰ 'ਪੰਛੀ'
ਕੈਨੇਡਾ

ਇਹ ਆਪਣੇ ਤਖ਼ਤ ਨੂੰ ਜਨਤਾ ਦੀ ਕਤਲਗਾਹ ਬਣਾਉਂਦੇ ਨੇ
ਅਜ਼ਲ ਤੋਂ ਸਿਰ ਫਿਰੇ ਹਾਕਮ ਬੜਾ ਹੀ ਜ਼ੁਲਮ ਢਾਉਂਦੇ ਨੇ

ਕਰਾਕੇ ਨਿੱਤ ਨਵੇਂ ਦੰਗੇ ਤੇ ਖ਼ੁਦ ਅਣਜਾਣ ਬਣ ਜਾਂਦੇ
ਤੇ ਮਜ਼ਲੂਮਾਂ ਦੇ ਉੱਤੇ ਉੱਲਟ ਇਹ ਤੋਹਮਤ ਲਗਾਉਂਦੇ ਨੇ

ਤਣਾਅ ਸਰਹੱਦ ਤੇ ਪੈਂਦਾ ਆਪ ਕਰਕੇ ਚੋਣ ਤੋਂ ਪਹਿਲਾਂ
ਜਵਾਨਾਂ ਦੀ ਸ਼ਹਾਦਤ ਤੇ ਇਹ ਲੀਡਰ ਫੁੱਲ ਚੜ੍ਹਾਉਂਦੇ ਨੇ

ਮਰੇ ਜੇ ਧਰਤ ਦਾ ਪੁੱਤਰ ਤਾਂ ਉਸ ਨੂੰ ਕੌਣ ਪੁੱਛਦਾ ਹੈ
ਮਰੇ ਗ਼ੱਦਾਰ ਨੇਤਾ ਜੇ ਤਾਂ ਇਹ ਪਰਚਮ ਝੁਕਾਉਂਦੇ ਨੇ

ਜਿਨਾਂ ਦੇ ਰਾਹ ਸਵਾਗਤ ਲਈ ਤੂੰ ਤਿੱਖੇ ਕਿੱਲ ਗੱਡਦਾ ਏਂ
ਮੁਹੱਬਤੀ ਲੋਕ ਦੇਖੇ ਓਸ ਰਾਹ ਤੇ ਫੁੱਲ ਉਗਾਉਂਦੇ ਨੇ

ਮੇਰੇ ਇਸ ਦੇਸ਼ ਦਾ ਹਾਕਮ ਹੈ ਅੰਨ੍ਹਾ ਵੀ ਤੇ ਬਹਿਰਾ ਵੀ
ਇਹ ਭੋਲੇ ਲੋਕ ਫਿਰ ਵੀ ਸੱਪ ਲਈ ਬੀਨਾਂ ਵਜਾਉਂਦੇ ਨੇ

ਨਾ "ਪੰਛੀ" ਦੀ ਆਜ਼ਾਦੀ ਜਿੰਨਾਂ ਕੋਲੋਂ ਜਰ ਕਦੀ ਹੋਈ
ਉਹ ਨਵੀਂਆਂ ਘਾੜਤਾਂ ਘੜਦੇ ਨਵੇਂ ਪਿੰਜਰੇ ਬਣਾਉਂਦੇ ਨੇ
■

**Amarjit Kaur Panchhi**
**Brampton, Canada**
**panchhiamarjit@gmail.com**

# ਅੰਧਾ ਆਗੂ ਜੇ ਥੀਐ...



ਮੋਹਣ ਮਤਿਆਲਵੀ
ਇੰਡੀਆ

ਖੇਤਾਂ ਦੇ ਜਾਏ ਨੇ ਆਖ਼ਰ
ਸਿਰਜੀ ਜਦ ਆਪ ਮਹਾਂਕਵਿਤਾ
ਹਰ ਇਕ ਵੇਲਾ ਅਤੇ ਕੁਵੇਲਾ
ਅੰਮ੍ਰਿਤ ਵੇਲਾ ਹੋਇਆ
ਕਾਇਨਾਤ ਤ੍ਰਭਕ ਕੇ ਜਾਗ ਪਈ
ਮਹਾਂਨਾਚ ਜਿਉਂ ਕਰਦੀ ਹੋਈ
ਬਾਵਾ ਬਲਵੰਤ ਵੀ ਗਾ ਉਠਿਆ
ਤੇ ਦਿਲ ਦਾ ਦਿਲ ਵੀ ਨੱਚ ਉੱਠਿਆ

ਅੱਥਰੂ ਗੈਸ ਭਲਾ ਕੀ ਟੈਬੂ
ਪਾਣੀ ਦੀਆਂ ਬੁਛਾੜਾਂ ਜਿਉਂ ਕਰ ਪੈਣ ਫੁਹਾਰਾਂ
ਸਦੀਆਂ ਤੋਂ ਇਹ ਪਿੰਡਾ ਸਾਰੇ ਸਿਆਲ ਹੁਨਾਲੇ
ਝੱਖੜ ਨੇਰ੍ਹੀਆਂ ਝੱਲਦਾ ਆਇਆ
ਹਰ ਮੌਸਮ ਦੇ ਬਾਬਰ ਜਾਬਰ
ਅਤੇ ਔਰੰਗੇ ਠੱਲ੍ਹਦਾ ਆਇਆ

ਸੰਸਦ ਵਿਚ ਜੋ ਸਸਤੀ ਰੋਟੀ
ਕਿਥੋਂ ਆਉਂਦੀ
ਰੋਟੀ ਦੇ ਨਾਲ ਖ਼ਸਤਾ ਬੋਟੀ
'ਕੌਣ' ਬਣਾਉਂਦਾ ਕਿੱਥੋਂ ਆਉਂਦੀ
ਹੋਰ ਵੀ ਜਿਹੜੀ ਵੰਨ-ਸੁਵੰਨਤਾ
ਫਿਰ ਵੀ ਚਵੜ-ਕੁਚਵੜੀ ਕਰਦੀ
ਹਰ ਇਕ ਅੰਨ੍ਹਾ ਹਰ ਇਕ ਕਾਣੀ
ਕਿਸ ਨੂੰ ਕੀ ਤੇ ਕਿਉਂ ਸਮਝਾਉਂਦੀ
ਪਾਪ ਕੀ ਜੰਞ ਕੀ ਫਿਰਦੀ ਭਗਵਾਂ ਚੰਨ ਚੜ੍ਹਾਉਂਦੀ
ਢਾਕਾ-ਮਖ਼ਮਲ ਦੀ ਖੇਸੀ ਵਿਚ
ਨੰਗੇ ਦਿਸਦੇ ਰਾਜਾ-ਰਾਣੀ
ਪਾਣੀ ਦੀ ਚਾਟੀ ਵਿਚ ਫਿਰਦੀ ਜਿਵੇਂ ਮਧਾਣੀ

ਮੰਨਿਆ - ਮੰਨਿਆ ਮੰਨ ਲਿਆ ਕੇ
ਤੇਰੇ ਪੈਰ-ਪੈਰ 'ਤੇ ਬਾਡਰ

ਦੋਹ ਪੈਰਾਂ ਦੀ ਵਿੱਥ ’ਤੇ ਠਾਣਾ
ਤੀਜੇ ਮੋੜ ਦੇ ਮੋੜ ‘ਤੇ ਠੇਕਾ
ਚੌਥਾ ਚਕਲਾਧਾਰੀ ਲਾਣਾ
ਪਰ ਹੇ ! ਛਿੱਕਲੀਧਰ ਸੂਤਰਧਰ
ਸਿਰ ਤੋਂ ਛੰਡ ਕੇ ਡੌਨ ਬਜ਼ਾਰ
ਮਨ ਕੀ ਬਾਤ ਦੀ ਮੁਰਲੀ–ਫੂਕ ‘ਚੋਂ
ਦੇਖ ਜ਼ਰਾ ਨਿਕਲ ਕੇ ਬਾਹਰ
ਲੋਕ ਬਣੇ ਨੇ ਖ਼ੁਦ ਸਰਕਾਰ

ਖੇਤਾਂ ਦੇ ਜੰਮੇ ਜਾਏ ਆਖ਼ਰ
ਆਪਣੇ ਲਈ ਸਿਰਜੀ ਖ਼ੁਦ ਕਵਿਤਾ
ਉਸ ਵੇਲੇ ਦੇ ਬਹੁਤ ਕੁਵੇਲੇ
ਮੋਤਿਆਲ ਨੇ ਕੀ ਲਿਖਣਾ ਸੀ

ਪਰ, ਦੀਵੇ ਨੇ ਕਿਹਾ ਮੈਂ ਸੂਰਜ ਹਾਂ
ਸੂਰਜ ਨੇ ਕਿਹਾ ਮੈਂ ਸਿਰ ‘ਤੇ ਹਾਂ
ਤੇ ਸਿਰ ਨੇ ਕਿਹਾ ਹੁਣ ਸੌਣਾ ਨਹੀਂ
ਜਗਣਾ ਤੇ ਜਾਗਦੇ ਰਹਿਣਾ ਹੈ
ਅੱਖ ਨੇ ਸੁਪਨੇ ਵਿਚ ਰਹਿਣਾ ਹੈ

ਇਹ ਅੱਖ ਹੁਣ ਉੱਲੂ ਦੀ ਅੱਖ ਹੈ
ਹਰ ਮੱਸਿਆ ਦੀ ਅੱਖ ‘ਤੇ ਅੱਖ ਹੈ
ਧੂੰਆਂ ਜਿਹੜਾ ਸਾਹ ਘੁੱਟਦਾ ਸੀ
ਉਸ ਦੇ ਪਿੱਛੇ ਤੁਰ ਪਈ ਅੱਗ ਹੈ

ਤੈਨੂੰ ਕੀ ਪਤਾ
ਉੱਲੂ ਦੀ ਅੱਖ ਤੇ ਮਹਾਂਕਵਿਤਾ
ਤੂੰ ਕਾਹਦਾ ਪਟਵਾਰੀ
ਜਿਸ ਦੀ ਫੂੰ ਫਾਂਅ ਤੇ ਹੈਂਕੜ ਨਾਲ
ਆਦਿ ਕਦੀਮੋਂ ਯਾਰੀ
■

**-Mohan Matyalvi**
**Vill. & P.O. Shahkot**
**Distt. Jallandhar (Pb) 144702**
**India**

# ਸੱਚੀਆਂ ਫ਼ੌਜ਼ਾਂ



ਧਰਮ ਕੰਮੇਆਣਾ
ਇੰਡੀਆ

ਇਹ ਫ਼ੌਜ਼ਾਂ ਕੌਣ ਦੇਸ਼ ਤੋਂ ਆਈਆਂ
ਇਹ ਫ਼ੌਜ਼ਾਂ ਕੀਹਦੇ ਉੱਤੇ ਧਾਈਆਂ
ਰੋਹ, ਜੋਸ਼ ਤੇ ਹੋਸ਼ ਮਨਾਂ ਵਿੱਚ
ਬਿਨ ਹਥਿਆਰੋਂ ਆਈਆਂ
ਇਹ ਫ਼ੌਜ਼ਾਂ ਕੌਣ ਦੇਸ਼ ਤੋਂ ਆਈਆਂ

ਇਹ ਫ਼ੌਜ਼ਾਂ ਕਿਰਤ ਦੇਸ਼ ਤੋਂ ਆਈਆਂ
ਹਿੰਮਤ, ਦਲੇਰੀ, ਸਿਰੜ, ਆਸਥਾ
ਪੱਲੇ ਬੰਨ੍ਹ ਲਿਆਈਆਂ
ਇਨਕਲਾਬ ਬੰਦੂਕ ਇਨ੍ਹਾਂ ਦੀ
ਗੋਲੀ, ਸਿੱਕਾ ਸਚਾਈਆਂ
ਮਿਹਨਤ ਨਗਰ ਤੋਂ ਆਈਆਂ ਫ਼ੌਜ਼ਾਂ
ਨਾਲ ਕੂੜ ਦੇ ਕਰਨ ਲੜਾਈਆਂ
ਫ਼ੌਜ਼ਾਂ ਬਿਨ ਹਥਿਆਰੋਂ ਆਈਆਂ
ਵੇਖੀਂ ਜਿੱਤਣ ਗੀਆਂ ਲੜਾਈਆਂ
■

# ਆਵਾਜ਼-ਏ-ਪੰਜਾਬ

ਭਲਾ ਸਦਾ ਮੈਂ ਸਰਬੱਤ ਦਾ ਰਿਹਾ ਮੰਗਦਾ
ਮੇਰਾ ਭਲਾ ਨਾਂ ਹਾਕਮਾਂ ਲੋੜਿਆ ਏ
ਫਫੇਕੁੱਟਣੀ ਦਿੱਲੀ ਨੇ ਕਈ ਵਾਰੀ
ਦਿਲ ਮੁਝ ਗਰੀਬ ਦਾ ਤੋੜਿਆ ਏ
ਪਾ ਵੇਲਣੇ ਵਿੱਚ ਕਮਾਦ ਵਾਂਗੂੰ
ਮੇਰੇ ਜਿਸਮ ਦਾ ਖੂਨ ਨਿਚੋੜਿਆ ਏ
ਇਹ ਗੱਲ ਵੱਖਰੀ ਹਰ ਦੌਰ ਅੰਦਰ
ਭੰਨੇ ਮੂੰਹ ਮੈਂ ਜ਼ਾਬਰ-ਜਰਵਾਣਿਆਂ ਦੇ
ਹੱਕ-ਸੱਚ ਦੀ ਹੱਥ ਤਲਵਾਰ ਲੈ ਕੇ
ਆਹੂ ਲਾਹੇ ਨੇ ਆਦਮਖਾਣਿਆਂ ਦੇ
■

-Dharam Kammeyana
Patiala, Pb.
India

# ਕਿਸਾਨ



ਅੰਮ੍ਰਿਤ ਮੰਨਣ
ਇੰਡੀਆ

ਕਣਕ ਦੇ ਦਾਣੇ
ਕਣਕ ਦੇ ਦਾਣੇ
ਮੈਨੂੰ ਲੱਗਣ ਪਿਆਰੇ

ਲੱਗਣ ਵੀ ਕਿਉਂ ਨਾ
ਮੇਰੀ ਜਿੰਦ ਜਾਨ ਨੇ
ਇਹ ਨਿਮਾਣੇ

ਮੈਨੂੰ, ਕਿਸਾਨ ਲੱਗੇ
ਵਿਧਾਤਾ, ਜੋ ਉਗਾਵੇ ਦਾਣੇ

ਦਾਤੇ ਨੇ ਜੀਵਨ ਲਈ
ਸੀ ਦਾਣੇ ਦਿੱਤੇ
ਦਾਣੇ ਉਗਾਉਣ ਲਈ
ਕਿਸਾਨ ਦਾ ਰੂਪ
ਧਾਰੇ ਦਾਤਾ

ਸਰਕਾਰਾਂ ਦੀ ਮੱਤ ਮਾਰੀ
ਲੁੱਟੇ, ਕੁੱਟੇ, ਜਾਣ ਲੱਗੇ
ਅੰਨਦਾਤੇ


ਹਾਕਮੋਂ, ਨਾ ਭੋਲੇ ਦੇ
ਹੱਕਾਂ ਤੇ ਡਾਕੇ ਮਾਰੋ

ਇਹ ਧਨ, ਦੌਲਤ, ਖਜ਼ਾਨੇ
ਸਭ, ਭਸਮ ਹੋ ਜਾਣੇ
ਭੋਲੇ ਭੰਡਾਰੀ ਨੇ ਜੇ
ਤੀਸਰੀ ਅੱਖ ਖੋਲ੍ਹੀ

■

-Amrit Mannan
Amritsar, India
amritmannan@yahoo.co.in

# ਮੇਲਾ ਨਹੀਂ, ਅੰਦੋਲਨ ਹਾਂ



ਡਾ. ਸੁਖਪਾਲ ਸੰਘੇੜਾ
ਯੂ.ਐਸ.ਏ.

ਰੁਕ ਗਏ ਇਤਿਹਾਸ ਦੇ ਹੁੱਝ ਲਾਉਣਾ
ਮੈਂ ਮੇਲਾ ਨਹੀਂ, ਅੰਦੋਲਨ ਹਾਂ
ਮੈਨੂੰ ਸੋਚ ਵਿਚਾਰ ਕੇ ਹੱਥ ਪਾਉਣਾ
ਮੈਂ ਮੇਲਾ ਨਹੀਂ, ਅੰਦੋਲਨ ਹਾਂ
ਇੱਥੇ ਹੱਕ ਸੱਚ ਦਿਆਂ ਸ਼ਹੀਦਾਂ 'ਤੇ
ਹਰ ਰੁੱਤ ਵਿੱਚ ਮੇਲੇ ਲੱਗਦੇ ਰਹੇ
ਨਿਸ਼ਾਨ ਉਨ੍ਹਾਂ ਦੀਆਂ ਸੋਚਾਂ ਦੇ
ਮੇਲੇ ਦੇ ਪੈਰੀਂ ਦੱਬਦੇ ਰਹੇ
ਅੱਜ ਵਿੱਚ ਉੱਠ ਉੱਠ ਲਹਿਰਾਂ ਕੱਲ ਦੇ
ਮੇਲਿਆਂ ਵਿੱਚ ਅਲੋਪ ਹੋਈਆਂ
ਭਲਕ ਦਾ ਸੂਰਜ ਜੰਮਣ ਆਈਆਂ
ਅੱਜ ਵਿੱਚ ਕੱਲ੍ਹ ਦੀ ਸੋਚ ਹੋਈਆਂ
ਨਾ ਕੱਲ੍ਹ-ਮੂੰਹਿਆਂ ਦੇ ਹੱਥ ਆਉਣਾ

ਮੈਂ ਮੇਲਾ ਨਹੀਂ, ਅੰਦੋਲਨ ਹਾਂ

ਖ਼ੁਦ ਲੋਕ ਮੇਲੇ ਨੂੰ ਆਉਂਦੇ ਨੇ
ਪਰ ਲਹਿਰ ਲੋਕਾਂ ਨੂੰ ਆਉਂਦੀ ਹੈ
ਜਦ ਬਿਪਤਾਵਾਂ ਦੀ ਲੜੀ ਮਨੁੱਖ ਦੀ
ਘੰਡੀ 'ਤੇ ਹੱਥ ਟਿਕਾਉਂਦੀ ਹੈ
ਉਹ ਅਕਲਾਂ ਨੂੰ ਲੱਗਾ ਬੈਠਾ ਜਾਂ
ਇਤਿਹਾਸ ਵਕਤ ਦੇ ਹਿੱਸੇ ਨੂੰ
ਜੋ ਲਹਿਰ ਵਹਾ ਕੇ ਲੈ ਜਾਂਦੀ
ਵੇਗਾਂ 'ਤੇ ਹਰ ਅੜਿੱਕੇ ਨੂੰ
ਉਸ ਲਹਿਰ ਦੇ ਵਿੱਚੋਂ ਉੱਠ ਆਉਣਾ

ਮੈਂ ਮੇਲਾ ਨਹੀਂ, ਅੰਦੋਲਨ ਹਾਂ

ਪੀੜ੍ਹੀ ਦਰ ਪੀੜ੍ਹੀ ਚਲਾ ਆਉਂਦੀ
ਇੱਕ ਵੱਟੀ ਹੋਈ ਕਸੀਸ ਵਿੱਚੋਂ
ਜੋ ਟਿਕ ਨ ਸਕਿਆ ਤਲੀ ਉੱਤੇ

ਫ਼ਿਕਰਾਂ ਨੂੰ ਰਿੰਨਦੇ ਸੀਸ ਵਿੱਚੋਂ
ਸਰਾਪਾਂ 'ਚੋਂ ਢਲ ਢਲ ਵਰ੍ਹ ਰਹੀ
ਹਰ ਅਣਲੱਗੀ ਆਸੀਸ ਵਿੱਚੋਂ
ਹਾਰ-ਹੰਭ ਕੇ ਰੁਕ ਬੈਠੇ ਸਾਡੇ
ਵਕਤ ਹੋ ਚੁੱਕੇ ਢੀਠ ਵਿੱਚੋਂ
ਬੰਨ੍ਹ ਤੋੜ ਵਰੋਲ੍ਹਿਆਂ ਦਾ ਆਉਣਾ

ਮੈਂ ਮੇਲਾ ਨਹੀਂ, ਅੰਦੋਲਨ ਹਾਂ

ਹਰ ਰੁੱਤ ਦਾ ਤੇ ਹਰ ਦੁੱਖ ਸੁੱਖ ਦਾ
ਇੱਕ ਆਪਣਾ ਵੇਲਾ ਹੁੰਦਾ ਹੈ
ਅੰਦੋਲਨ ਕਦੀ ਵੀ ਯੁੱਧ ਨਹੀਂ
ਨਾ ਉਹ ਮੇਲਾ ਹੁੰਦਾ ਹੈ
ਅੰਦੋਲਨ ਐਸੀ ਲਹਿਰ ਹੈ ਜਿਹੜੀ
ਸੰਗਰਾਮਾਂ ਦੀ ਮਾਂ ਹੁੰਦੀ ਹੈ
ਸੰਗਰਾਮਾਂ ਦੀ ਲੋੜ ਦੇ ਕੁੱਖੋਂ
ਯੁੱਧ ਦੀ ਰਚਨਾਂ ਤਾਂ ਹੁੰਦੀ ਹੈ
ਜਦ ਹੋਰ ਕੋਈ ਨਾ ਰਾਹ ਹੋਣਾ

ਮੈਂ ਮੇਲਾ ਨਹੀਂ, ਅੰਦੋਲਨ ਹਾਂ

ਬੀਜਣ ਤੋਂ ਕੱਟਣ ਦੇ ਸਫ਼ਰ 'ਚੋਂ
ਜਾਨ ਕਿਸਾਨ ਦੀ ਢਲਦੀ ਹੈ
ਇਸ ਉਮਰੇ ਫ਼ਸਲਾਂ ਵਿੱਚ ਵਪਾਰੀ
ਵਰਗ ਦੀ ਹੋਣੀ ਪਲਦੀ ਹੈ
ਹੱਕ ਖ਼ੁਦ ਨੂੰ ਜਾਂ ਦਿਮਾਗ਼ਾਂ ਨੂੰ
ਜੱਗ ਗੇੜਦੇ ਕਾਮੇ ਮਰਦੇ ਨੇ
ਰਚਨਾ ਸੰਗ ਪੂੰਜੀਪਤੀਆਂ ਦੀ
ਉਹ ਹੋਣੀ ਨੂੰ ਵੀ ਘੜਦੇ ਨੇ
ਇਨ੍ਹਾਂ ਨਾ-ਹੁਣਿਆਂ ਦਾ ਇੱਕ ਹੋਣਾ

ਮੈਂ ਮੇਲਾ ਨਹੀਂ, ਅੰਦੋਲਨ ਹਾਂ

ਤਿੰਨ ਪੀੜ੍ਹੀਆਂ ਇੱਕ ਆਵਾਜ਼ੇ ਜਦ

ਹੱਕ-ਸੱਚ ਦਾ ਨਾਹਰਾ ਲਾਉਂਦੀਆਂ ਨੇ
ਇੱਕ ਦਿਨ ਸਾਲ ਜਾਂ ਸਦੀ ਨਹੀਂ
ਉਹ ਪੂਰਾ ਯੁੱਗ ਹਿਲਾਉਂਦੀਆਂ ਨੇ
ਕੀ 'ਵਾ ਜੋ ਸਾਬਤੇ ਟੱਬਰਾਂ ਨੂੰ
ਸੜਕਾਂ 'ਤੇ ਖਿੱਚ ਲਿਆਉਂਦੀ ਹੈ
ਘਰ ਸੁੰਨੇ ਕਰ ਕੇ ਮਾਨਵਤਾ
ਆ ਸੁੰਨ ਵਿੱਚ ਤੰਬੂ ਲਾਉਂਦੀ ਹੈ
'ਵਾ ਸਮੇਂ ਦੇ ਪਹੀਏ ਦਾ ਦੌਣਾ

ਮੈਂ ਮੇਲਾ ਨਹੀਂ, ਅੰਦੋਲਨ ਹਾਂ

ਜੋ ਕੌਮ ਤਰਕ ਵਿਗਿਆਨ ਜਗਹ
ਪਿਤਰਾਂ ਨੂੰ ਅੱਗੇ ਲਾਉਂਦੀ ਹੈ
ਉਹ ਕੌਮ ਇਤਿਹਾਸ ਬਣਾਉਂਦੀ ਨਹੀਂ
ਉਹ ਕੌਮ ਇਤਿਹਾਸ ਹੰਢਾਉਂਦੀ ਹੈ
ਸਮਾਂ ਉਸ ਕੌਮ ਦੇ ਉੱਪਰ ਦੀ
ਦੁਨੀਆਂ ਸੰਗ ਅੱਗੇ ਲੰਘ ਜਾਂਦਾ
ਉਸ ਕੌਮ ਦੇ ਹਰ ਰਾਹ ਮੌੜ ਉੱਤੇ
ਇਤਿਹਾਸ ਦੀ ਫ਼ਾਂਸੀ ਟੰਗ ਜਾਂਦਾ
ਮਿੱਧ ਫ਼ਾਂਸੀਆਂ ਅੱਗੇ ਵਧ ਜਿਉਣਾ

ਮੈਂ ਮੇਲਾ ਨਹੀਂ, ਅੰਦੋਲਨ ਹਾਂ
■

-**Dr. Sukhpal Sanghera**
**U.S.A.**
**dr.sukhpal.sanghera@gmail.com**

# ਗ਼ਜ਼ਲ



ਸੁਲੱਖਣ ਸਿੰਘ
ਕੈਨੇਡਾ

ਕੀਲਾ ਫਸਿਆ ਸੀ ਧੌਣ ਵਿੱਚ ਹਾਕਮਾਂ ਦੇ
ਆਖਰ ਕਿਸਾਨਾਂ ਨੇ ਦਿੱਤਾ ਉਹ ਕੱਢ ਲੋਕੋ

ਤਿੰਨੋਂ ਬਿੱਲ ਕਾਲ਼ੇ ਲੈਣੇ ਪਏ ਵਾਪਿਸ
ਕਦੇ ਆਖਦੇ ਕਿਸਾਨ ਉਜੱਡ ਲੋਕੋ

ਆਉਂਦਾ ਨਹੀਂ ਸੀ ਊਠ ਪਹਾੜ ਥੱਲੇ
ਵੇਖੋ ਅੰਤ ਨੂੰ ਅੜੀ ਗਿਆ ਛੱਡ ਲੋਕੋ

ਹੱਥ ਕੰਡੇ ਅਪਣਾਅ, ਵੇਖ ਲਏ ਸਾਰੇ
ਏਕਾ ਤੋੜ, ਨਾ ਸਕਿਆ ਕਰ ਅੱਡ ਲੋਕੋ

ਰੋਕਾਂ ਲਾ ਬਥੇਰੀਆਂ ਦੇਖ ਲਈਆਂ
ਪੁੱਟ ਸੜਕਾਂ, ਤੇ ਦਿੱਤੇ ਕਿੱਲ ਗੱਡ ਲੋਕੋ

ਤਾਨਾਸ਼ਾਹੀ ਦਾ ਨੰਗਾ ਨਾਚ ਹੋਇਆ
ਐਵੇਂ ਮਜ਼ਲੂਮਾਂ ਦੇ ਕੁੱਟ ਦਿੱਤੇ ਹੱਡ ਲੋਕੋ

ਜਿੱਤ ਬਹੁਤ ਵੱਡੀ ਕਿਸਾਨ ਮੋਰਚੇ ਦੀ
ਗਈਆਂ ਸਭ ਦੀਆਂ ਅੱਖਾਂ ਨੇ ਟੱਡ ਲੋਕੋ

ਦੁਨੀਆਂ ਨੂੰ ਦਿਖਾ 'ਤਾ ਕਿਸਾਨ ਮੋਰਚੇ ਨੇ
ਪਾਣੀ ਕਦੋਂ ਤੇ ਕਿਵੇਂ ਪੀਂਦੀ ਡੱਡ ਲੋਕੋ

'ਕੱਠ ਵਿੱਚ ਹੈ ਬਰਕਤ ਬਹੁਤ ਹੁੰਦੀ
ਜੂ਼ਲਾ ਗ਼ੁਲਾਮੀ ਦਾ ਦਿੰਦੀ ਹੈ ਵੱਢ ਲੋਕੋ

ਕੀਤਾ ਘਾਣ ਅਰਮਾਨ ਸਾਡੇ ਕੁਚਲ ਦਿੱਤੇ
ਉਹਦਾ ਹਿਸਾਬ ਤਾਂ ਕਿੱਧਰੇ ਦੇਣਾ ਪਊ

ਲੋਕੀ ਭੁੱਲਦੇ ਕਿੱਥੇ ਵਧੀਕੀਆਂ ਨੂੰ
ਵੋਟਾਂ ਵੇਲ਼ੇ ਗੁੱਸਾ ਵੀ ਸਹਿਣਾ ਪਊ

ਹੱਥ ਜੋੜਨਗੇ, ਮੰਗਣਗੇ ਹੋਰ ਮੌਕਾ
ਕਰੋ ਮਾਫ਼ ਸਾਨੂੰ ਇਨ੍ਹਾਂ ਨੂੰ ਕਹਿਣਾ ਪਊ

ਗੱਲਾਂ ਵਿੱਚ ਨਹੀਂ ਹੁਣ ਆਉਣ ਲੱਗੇ
'ਹਕੀਰ' ਝੱਟਕਾ ਤਾਂ ਇੱਕ ਵਾਰ ਦੇਣਾ ਪਊ
■

# ਗ਼ਜ਼ਲ

ਕਿਸਾਨ ਅੰਦੋਲਨ ਨੂੰ ਮੇਲਾ ਕਹਿਣ ਵਾਲੇ
ਆਖਰ ਮੰਨ ਗਏ ਆਪਣੀ ਹਾਰ ਸਾਰੇ

ਇੱਕ ਸਾਲ ਤੋਂ ਲੰਮਾ ਸੰਘਰਸ਼ ਚੱਲਿਆ
ਆਮ ਲੋਕ ਵਧਾਈ ਦੇ ਹੱਕਦਾਰ ਸਾਰੇ

ਵਿਗੜੀ ਰੁੱਤ ਦੀ ਕੌਣ ਪ੍ਰਵਾਹ ਕਰਦਾ
ਬੈਠੇ ਰਹੇ ਉਹ ਮੌਸਮ ਚਾਰ ਸਾਰੇ

ਬੀਬੀਆਂ ਦਾ ਵੀ ਯੋਗਦਾਨ ਬਹੁਤ ਵੱਡਾ
ਮਾਤਾ ਭਾਗੋ ਦਾ ਕੀਤਾ ਦੀਦਾਰ ਸਾਰੇ

ਸਿਰੜੀ ਯੋਧੇ, ਡਟੇ ਮੈਦਾਨ ਅੰਦਰ
ਦੇਖ ਹੌਂਸਲੇ ਜਾਣ ਬਲਿਹਾਰ ਸਾਰੇ

ਕਹਿਣ ਜਿਵੇਂ ਆਏ ਨੇ ਵਿੱਚ ਮੇਲੇ
ਖਾਣ ਭੋਜਨ ਵੀ ਛੱਤੀ ਪ੍ਰਕਾਰ ਸਾਰੇ

ਜਾਣ ਬੁੱਝ ਕੇ ਮੀਟਿੰਗਾਂ ਬੇਸਿੱਟਾ
ਸਭ ਜਾਣਦੇ ਕੀਤੀਆਂ ਸਰਕਾਰ ਸਾਰੇ

ਅੰਦੋਲਨ, ਮੇਲਾ ਜੇਕਰ ਲਗਦਾ ਸੀ
ਬਾਹਰ ਰਾਤ ਹੀ ਕੱਟ ਕੇ ਦੇਖ ਲੈਂਦੇ

ਪਤਾ ਆਪੇ ਹੀ ਫੇਰ ਲੱਗ ਜਾਂਦਾ
ਧੁੱਪਾਂ ਠੰਢਾਂ 'ਚ ਕਿਵੇਂ ਨੇ ਲੋਕ ਰਹਿੰਦੇ

ਜਦੋਂ ਕਦੇ ਇਤਿਹਾਸ ਜਾਊ ਲਿਖਿਆ
ਇਹ ਮਹਾਂ ਅੰਦੋਲਨ ਨਹੀਂ ਭੁੱਲ ਸਕਦਾ

ਬਲੀ ਚੜ੍ਹ ਗਏ ਸੈਂਕੜੇ ਮੋਰਚੇ ਦੀ
ਏਦੂੰ ਵੱਡਾ ਨੇਰ੍ਹ ਨਹੀਂ ਝੁੱਲ ਸਕਦਾ ■

**-Sulakhan Singh**
**Brampton, Canada**
**647-786-6329**

# ਜੈ ਜੈ ਕਾਰ



ਰਵਿੰਦਰ ਸਿੰਘ ਸੋਢੀ
ਕੈਨੇਡਾ

ਕੁਝ ਦਿਨਾਂ ਲਈ
ਕਾਲੇ ਖੇਤੀ ਕਾਨੂਨਾਂ ਨੂੰ
ਕਿਸਾਨਾਂ ਲਈ
ਵਰਦਾਨ ਮੰਨ ਲਈਏ
ਸਰਦੀ-ਗਰਮੀ 'ਚ
ਰੜੇ ਮੈਦਾਨ ਪਏ ਕਿਸਾਨਾਂ ਨੂੰ
ਕਾਨੂੰਨਾਂ ਤੋਂ
ਅਣਜਾਣ ਮੰਨ ਲਈਏ

ਕਰੋਨਾ ਨੂੰ ਭੁੱਲ ਕੇ
ਚੋਣ ਰੈਲੀਆਂ ਕਰਦੇ
'ਵੱਡੇ ਰਾਜਸੀ ਨੇਤਾਵਾਂ' ਨੂੰ
ਦੇਸ਼ ਦੇ ਭਗਵਾਨ ਮੰਨ ਲਈਏ

ਗੰਗਾ 'ਚ ਰੁੜ੍ਹਦੀਆਂ ਲਾਸ਼ਾਂ ਦਾ
ਰੋਣਾ ਨਾ ਰੋਈਏ
ਸ਼ਮਸ਼ਾਨ ਘਾਟਾਂ 'ਚ
ਕਤਾਰਾਂ 'ਚ ਲੱਗੇ ਮੁਰਦਿਆਂ ਤੋਂ
ਧਿਆਨ ਹਟਾ
ਕੋਈ ਹੋਰ ਗੱਲ ਕਰੀਏ

ਵੱਧਦੀ ਮਹਿੰਗਾਈ
ਤਬਾਹ ਹੋ ਰਹੀ ਆਰਥਿਕਤਾ ਨੂੰ
ਆਉਣ ਵਾਲੇ ਸਮੇਂ ਲਈ
ਵਰਦਾਨ ਮੰਨ ਲਈਏ

ਮੁਲਕ ਦੀ ਦੌਲਤ ਤੇ ਹੱਕ
ਕੁਝ ਪਰਿਵਾਰਾਂ ਦਾ ਹੀ ਹੈ
ਇਸ ਗੱਲ ਨੂੰ ਵੀ
ਖ਼ੁਸ਼ੀ ਖ਼ੁਸ਼ੀ ਮੰਨ ਲਈਏ

'ਮਨ ਕੀ ਬਾਤ' ਕਰਨ ਵਾਲੇ ਭਾਵੇਂ
ਦੂਜਿਆਂ ਦੀ ਗੱਲ ਸੁਣਨ ਤੋਂ ਹੋਣ ਇਨਕਾਰੀ
ਉਹਨਾਂ ਦੀ ਗੱਲ ਤੇ
ਮਜਬੂਰੀ 'ਚ
ਕੰਨ ਧਰੀਏ

ਹਾਂ ਸੱਚ
ਤਾਲੀਆਂ ਵਜਾ ਕੇ
ਥਾਲੀਆਂ ਖੜਕਾ ਕੇ
ਦੀਵੇ ਜਗਾ ਕੇ
ਮੋਬਾਈਲ ਫੋਨ ਦੀਆਂ
ਲਾਈਟਾਂ ਜਗਾ ਕੇ
ਕਰੋਨਾ ਭਜਾਉਣ ਦੇ
ਕਾਰਗਰ ਇਲਾਜ ਦਾ
ਜ਼ਿਕਰ ਨਾ ਹੀ ਕਰੀਏ

ਗਾਂ ਗੋਬਰ
ਹੀਰੇ ਤੋਂ ਵੀ ਕੀਮਤੀ
ਗਾਂ ਮੂਤਰ
ਕਰੋਨਾ ਇਲਾਜ ਲਈ ਕਾਰਗਰ ਤੇ
ਇਤਰਾਜ ਨਾ ਕਰੀਏ

ਸਰਕਾਰੀ ਭੌਂਪੂ ਬਣੇ ਚੈਨਲ
ਰਾਸਟਰੀ ਹਿਤ ਦੀ ਗੱਲ ਕਰਨ
ਇਸ ਤੇ ਕੋਈ
ਉਜਰ ਨਾ ਕਰੀਏ

ਚਿੱਟੇ ਹਾਥੀ ਬਣੇ
ਦੇਸ਼ ਦੇ ਮੰਤਰੀ
ਬਹੁਤ ਦੇਰ ਤੋਂ
ਡੂੰਘੀ ਸਮਾਧੀ ਵਿਚ ਲੀਨ ਹਨ
ਇਹ ਯਾਦ ਨਾ ਹੀ ਕਰੀਏ

ਗੱਲ ਕਰਨੀ ਹੈ

ਤਾਂ ਗੁਆਂਢੀ ਮੁਲਕ ਵਿਚ
ਟਮਾਟਰਾਂ ਦੇ ਵੱਧਦੇ ਭਾਅ ਦੀ
ਆਤੰਕਵਾਦੀ ਦੇਸ਼ ਹੋਣ ਦੀ
ਗੱਲ ਹੀ ਕਰੀਏ

ਦੇਸ਼ ਵਿਚ ਸਵਦੇਸ਼ੀ ਦਾ
ਨਾਹਰਾ ਬੁਲੰਦ ਕਰੀਏ
ਭਾਵੇਂ ਕਰੋੜਾਂ ਦੇ ਬੁੱਤ ਦਾ ਭੁਗਤਾਨ
ਬਾਹਰਲੇ ਮੁਲਕ ਨੂੰ ਹੀ ਕਰੀਏ

ਕਿਸਾਨਾਂ ਦੀ ਆਮਦਨ
ਦੁਗਣੀ ਕਰਨ ਦਾ ਨਾਹਰਾ
ਇਕ ਹੋਰ ਜੁਮਲੇ ਦੀ ਤਰਾਂ
ਸਵੀਕਾਰ ਕਰੀਏ

ਦੇਸ਼ ਦੀ ਆਰਥਿਕਤਾ
ਪੰਜ ਟਰੀਲੀਅਨ ਤੱਕ
ਪਹੁੰਚਾਉਣ ਦੀ ਗੱਲ ਮੰਨ ਲਈਏ
ਇਹ ਨਾ ਹੋਵੇ ਭਾਵੇਂ ਪਤਾ
ਪੰਜ ਦੇ ਨਾਲ ਕਿੰਨੀਆਂ
ਜੀਰੋਆਂ ਲਾ
ਇਹ ਰਕਮ ਪੂਰੀ ਕਰੀਏ

ਹੋਰ ਵੀ ਕਈ ਗੱਲਾਂ ਨੇ
ਕਰਨ ਵਾਲੀਆਂ
ਮਸਲਨ
ਦੇਸ਼ ਨੂੰ ਵਿਸ਼ਵ ਗੁਰੂ ਦਾ
ਦਰਜਾ ਦਿਵਾਉਣਾ
ਦੇਸ਼ ਨੂੰ
ਇਕ ਧਰਮ ਦੇ
ਝੰਡੇ ਹੇਠ ਲਿਆਉਣਾ
ਦੇਸ਼ ਦੀ ਹਰ ਬਰਬਾਦੀ ਦਾ ਜਿਮੇਦਾਰ
ਪੁਰਾਣੀ ਸਰਕਾਰ ਨੂੰ ਠਹਿਰਾਉਣਾ
ਚੌਕੀਦਾਰ ਲਈ ਨਵੀਂ ਛੱਤ

ਵੱਡੇ ਪੰਚਾਇਤ ਘਰ
ਦੀ ਤਾਮੀਰ
ਦੇਸ਼-ਵਿਦੇਸ਼ ਘੁੰਮਨ ਲਈ
ਨਵੇਂ ਉੱਡਣ ਖਟੋਲੇ ਤੇ
ਸਰਕਾਰੀ ਖ਼ਜ਼ਾਨੇ ਨੂੰ ਹਿਲਾਉਣਾ
ਵੱਡੇ ਬੈਂਕ ਦੇ ਰਾਖਵੇਂ
ਅਰਬਾਂ ਰੁਪਏ
ਸਰਕਾਰੀ ਝੋਲੀ 'ਚ ਪਾਉਣਾ
ਵੱਡੀਆਂ ਅਸਾਮੀਆਂ ਤੇ
ਚਹੇਤਿਆਂ ਨੂੰ ਬਿਠਾਉਣਾ
ਯੋਗ ਸੇਵਾ ਬਦਲੇ
ਸੇਵਾ ਨਵਿਰਤੀ ਤੋਂ ਬਾਅਦ
ਕੋਈ ਹੋਰ ਵੱਡਾ ਝੂਟਾ ਦਿਵਾਉਣਾ

ਆਉ ਇਹ ਗੱਲਾਂ ਕਰੀਏ
ਸਮੇਂ ਦੀ ਸਰਕਾਰ ਦੀ
ਜੈ ਜੈ ਕਾਰ ਕਰੀਏ
ਭਗਤਾਂ ਦੇ ਰਵੀਏ ਦਾ
ਇੰਤਜ਼ਾਰ ਕਰੀਏ
■

# ਗੀਤ

ਹੁਣ ਹਿਰਨੀ ਵਰਗੀ ਲਗਦੀ ਨਾ ਮੈਨੂੰ ਤੇਰੀ ਤੋਰ ਕੁੜੇ
ਜਿਹੜਾ ਜਾਵੇ ਟਰੈਕਟਰ ਦਿੱਲੀ ਨੂੰ ਉਹੀ ਲਗਦਾ ਮੈਨੂੰ ਮੋਰ ਕੁੜੇ

ਉਸ ਨੇ ਤਾਂ ਇਕੱਤੀ ਪਾਏ ਨੇ ਅਸੀਂ ਇਕਵੰਜਾ ਮੋੜਣ ਚੱਲੇ ਹਾਂ
ਠੰਡ ਦੀ ਨਾ ਪ੍ਰਵਾਹ ਕੋਈ ਅਸੀਂ ਤੀਰਥ ਨਹਾਵਨ ਚੱਲੇ ਹਾਂ
ਸੀਸ ਜਿੱਥੇ ਗੁਰੂ ਨੇ ਦਿੱਤਾ ਸੀ ਸਿਰ ਉੱਥੇ ਨਿਵਾਣਨ ਚੱਲੇ ਹਾਂ
ਇਹ ਨਵੇਂ ਬਣੇ ਔਰੰਗੇ ਦੇ ਹੁਣ ਸੇਕਣੇ ਪੈਣੇ ਮੌਰ ਕੁੜੇ
ਜਿਹੜਾ ਜਾਵੇ ਟਰੈਕਟਰ ਦਿੱਲੀ ਨੂੰ ਉਹੀ ਲਗਦਾ ਮੈਨੂੰ ਮੋਰ ਕੁੜੇ

ਲਾਲੀ ਤੇਰੀਆਂ ਬੁੱਲ੍ਹੀਆਂ ਦੀ ਡੱਕਦੀ ਸੀ ਕਦੇ ਰਾਹ ਮੇਰਾ
ਅੱਜ ਸਿੰਘੂ ਬਾਡਰ ਤੇ ਬੈਠੀ ਢਾਣੀ ਤੱਕਦੀ ਏ ਰਾਹ ਮੇਰਾ
ਕਾਲੇ ਬਣੇ ਕਨੂੰਨਾਂ ਦਾ ਡੱਕਣਾ ਹੈ ਅਸੀਂ ਰਾਹ ਕੁੜੇ
ਇਸ ਨਵੇਂ ਬਣੇ ਔਰੰਗੇ ਦੇ ਚੰਗੇ ਲੱਗਦੇ ਨਹੀਂ ਤੌਰ ਕੁੜੇ
ਜਿਹੜਾ ਜਾਏ.....

ਮੈਨੂੰ ਨੀਂਦ ਸੀ ਆਉਂਦੀ ਕਦੇ ਬੜੀ ਤੇਰੇ ਚੂੜੇ ਦੀ ਛਣਕਾਰ ਨਾਲ
ਹੁਣ ਨੀਂਦ ਹੈ ਖੁਲ੍ਹ ਜਾਂਦੀ ਮੇਰੀ ਟਿਕਰੂ ਬਾਡਰ ਤੋਂ ਆਉਂਦੀ ਲਲਕਾਰ ਨਾਲ
ਪੈ ਗਿਆ ਏ ਪੇਚਾ ਕਿਸਾਨਾਂ ਦਾ ਇਕ ਨਿਕੰਮੀ ਸਰਕਾਰ ਨਾਲ
ਜਲਦੀ ਹੀ ਬੱਸ ਆਉਣੇ ਨੇ ਮੰਦੇ ਉਸ ਦੇ ਦੌਰ ਕੁੜੇ
ਜਿਹੜਾ ਜਾਏ.....

ਕਦੇ ਛਣਛਣ ਤੇਰੀ ਪਾਇਲ ਦੀ ਲੱਗਦੀ ਸੀ ਰਾਗ ਇਲਾਹੀ ਕੋਈ
ਅੱਜ ਨਾਲ ਕਿਸਾਨਾਂ ਦੇ ਖੜਣਾ ਮੇਰੇ ਲਈ ਹੈ ਹੁਕਮ ਖੁਦਾਈ ਕੋਈ
ਹੁਣ ਸਾਰੇ ਕਿਸਾਨਾਂ ਨੇ ਰਲਕੇ ਵੰਡਣਾ ਇਕ ਦੂਜੇ ਦਾ ਭਾਰ ਕੁੜੇ
ਹੈਂਕੜਬਾਜ਼ ਸਰਕਾਰ ਦੀ ਹੁਣ ਭੰਨਣੀ ਹੈ ਅਸੀਂ ਹੈ ਲੋਰ ਕੁੜੇ
ਜਿਹੜਾ ਜਾਏ.....
■

**-Ravinder Singh Sodhi**
**Canada**
**ravindersodhi51@gmail.com**

# ਕਿਸਾਨਾਂ ਤੋਂ ਜ਼ਮੀਨਾਂ



ਪਰਗਟ ਘੁਮਾਣ
ਇੰਡੀਆ

ਮਾਰ ਕੇ ਕਿਸਾਨ ਕਹਿੰਦੇ ਭਲਾ ਕਰਨੈ
ਸੋਧ ਕਰਵਾ ਲਓ ਦੱਸੋ ਕਿਵੇਂ ਮਰਨੈ...

ਵਿਕੇ ਹੋਏ ਬੰਦੇ ਹੀ ਵਿਕਾਉਣ ਆਏ ਨੇ
ਕਿਸਾਨ ਤੋਂ ਜਮੀਨਾਂ ਹਥਿਆਉਣ ਆਏ ਨੇ...

ਮੌਤ ਦੇ ਫਰਮਾਨਾਂ ਨੂੰ ਕਨੂੰਨ ਦੱਸਦੇ
ਉਜਾੜਨੇ ਨੇ ਖੇਤ ਜਿਹੜੇ ਘੁੱਗ ਵਸਦੇ...

ਦਾਣਿਆਂ ਦਾ ਮੁੱਲ ਉਹ ਲਾਉਣ ਆਏ ਨੇ
ਕਿਸਾਨ ਤੋਂ ਜਮੀਨਾਂ ਹਥਿਆਉਣ ਆਏ ਨੇ...

ਸੱਚ ਕੀਤਾ ਕੈਦ ਝੂਠ ਟੀਵੀ ਉੱਤੇ ਨੱਚਦਾ
ਹੱਕ ਲੈਣ ਵਾਲਿਆਂ ਨੂੰ ਅੱਤਵਾਦੀ ਦੱਸਦਾ...

ਮਾਲਕਾਂ ਲਈ ਪੂੰਛ ਨੂੰ ਹਿਲਾਉਣ ਆਏ ਨੇ
ਕਿਸਾਨ ਤੋਂ ਜਮੀਨਾਂ ਹਥਿਆਉਣ ਆਏ ਨੇ...

ਜੱਜਾਂ ਨੂੰ ਵੀ ਪੈਰਾਂ 'ਚ ਪਵਾਈਆਂ ਝਾਂਜਰਾਂ
ਨੱਚਦੇ ਨੇ ਦੇਖੋ ਦਾਸੀਆਂ ਦੇ ਵਾਂਗਰਾਂ...

ਕਮੇਟੀਆਂ 'ਚ ਫੈਸਲੇ ਸੁਣਾਉਣ ਆਏ ਨੇ
ਕਿਸਾਨ ਤੋਂ ਜਮੀਨਾਂ ਹਥਿਆਉਣ ਆਏ ਨੇ...

ਭੁੱਲਗੇ ਭਗਤ ਸਿੰਘ ਕਿੱਥੇ ਜੰਮਿਆ
ਸਿਕੰਦਰ ਤੁਫਾਨ ਸੀ ਕਿੰਨਾ ਨੇ ਥੰਮਿਆ...

ਕਾਲ਼ੇ ਅੰਗਰੇਜ਼ ਟਕਰਾਉਣ ਆਏ ਨੇ
ਪੰਜਾਬ ਤੋਂ ਜਮੀਨਾਂ ਹਥਿਆਉਣ ਆਏ ਨੇ
ਕਿਸਾਨ ਤੋਂ ਜਮੀਨਾਂ ਹਥਿਆਉਣ ਆਏ ਨੇ...
■

# ਹਿਟਲਰ ਨੂੰ ਵੰਗਾਰ

ਤੈਨੂੰ ਲੱਗਦੈ ਕਿ ਅਸੀਂ ਹਾਰ ਗਏ ਹਾਂ
ਪਰ ਹਾਰਨਾ ਅਸੀਂ ਕਦੇ ਚੁਣਿਆ ਈ ਨਈ...
ਸੁਣੇ ਹੋਣਗੇ ਤੂੰ ਲੱਖ ਢੋਲਕੀਆਂ ਛੈਣੇ
ਤੂੰ ਸਾਡਾ ਜਿੱਤ ਦਾ ਨਗਾਰਾ ਹਾਲੇ ਸੁਣਿਆ ਈ ਨਈ...

ਡਰਾਉਣਾ ਚਾਹੁੰਨਾ ਏ ਤੂੰ ਜਿਸ ਕੌਮ ਤਾਈਂ
ਇਹਦਾ ਬੱਚਾ ਵੀ ਜ਼ੁਲਮ ਤੋਂ ਡਰਿਆ ਨਈ...
ਕੱਲਾ ਈ ਬਣਦਾ ਏ ਸ਼ੇਰ ਮੈਦਾਨ ਅੰਦਰ
ਅਸੀਂ ਜੰਗ ਦਾ ਐਲਾਨ ਹਾਲੇ ਕਰਿਆ ਈ ਨੀ...
ਅਸੀਂ ਹਾਲੇ ਹਾਂ ਸਿਦਕ ਦੇ ਨਾਲ ਬੈਠੇ
ਹਾਲੇ ਪਰਖ਼ ਲੈ ਤੂੰ ਸਾਡਿਆਂ ਸਬਰਾਂ ਨੂੰ...

ਜਦੋਂ ਉਠੇ ਤਾਂ ਸੁਣੀ ਦਹਾੜ ਸਾਡੀ
ਭਰ ਦੇਵਾਂਗੇ ਤੇਰੀਆਂ ਕਬਰਾਂ ਨੂੰ...
ਭਰ ਦੇਵਾਂਗੇ ਤੇਰੀਆਂ ਕਬਰਾਂ ਨੂੰ...
■

**-Pargat Ghuman**
**India**
**pargatghuman33@gmail.com**

# ਸੁਣ ਨੀ ਦਿੱਲੀਏ



ਸਤਨਾਮ ਚੌਹਾਨ
ਇੰਡੀਆ

ਸੁਣ ਨੀ ਦਿੱਲੀਏ
ਆਏ ਮੁਸਾਫ਼ਿਰ
ਬੂਹਾ ਲੈ ਤੂੰ ਖੋਲ
ਤੇਰੇ ਵਰਗਾ, ਚਲਾਕ ਨੀ ਦਿੱਲੀਏ
ਕੋਈ ਨਹੀਂ ਹੋਣਾ ਹੋਰ
ਤੂੰ ਹੈਂ ਸਾਡੀ ਚੋਰ ਨੀ ਦਿੱਲੀਏ, ਤੂੰ ਹੈਂ ਸਾਡੀ ਚੋਰ
ਸੁਣ ਨੀ ਦਿੱਲੀਏ
ਅਸਾਂ ਲਾ ਲਏ ਮੋਰਚੇ
ਤੇਰੇ ਦਰ ਦਰਵਾਜ਼ੇ
ਹੱਕ ਤੂੰ ਸਾਡੇ ਮੋੜ
ਹੱਕ ਨੇ ਸਾਡੇ ਆਪਣੇ
ਆਪ ਲਵਾਂ ਗੇ ਖੋਹ
ਤੂੰ ਜਿੰਨਾ ਮਰਜ਼ੀ ਰੋਲ
ਤੂੰ ਹੈਂ ਸਾਡੀ ਚੋਰ ਨੀ ਦਿੱਲੀਏ, ਤੂੰ ਹੈਂ ਸਾਡੀ ਚੋਰ
ਸੁਣ ਨੀ ਦਿੱਲੀਏ
ਅਸਾਂ ਤਾਂ ਏਥੇ ਮੁੱਢ ਤੋਂ ਸ਼ਹਾਦਤਾਂ ਪਾਈਆਂ
ਦੇਗਾਂ ਵਿੱਚ ਉਬਾਲੇ
ਤਵੀਆਂ ਵੀ ਤੂੰ ਤਾਈਆਂ
ਪਰ, ਕਦੇ ਨਾ ਹਾਰੇ ਦਿੱਲੀਏ
ਲੈਅ, ਤਵਾਰੀਖ਼ ਫਰੋਲ
ਤੂੰ ਹੈ ਸਾਡੀ ਚੋਰ ਨੀ ਦਿੱਲੀਏ, ਤੂੰ ਹੈਂ ਸਾਡੀ ਚੋਰ
ਸੁਣ ਨੀ ਦਿੱਲੀਏ
ਪੱਗ ਹੈ, ਸਾਡੀ ਅੱਗ ਦੀ
ਅੱਗ ਦੇ ਇਹਦੇ ਲੜ
ਹੱਥ ਜੋ ਇਸ ਨੂੰ ਲਾਏ ਗਾ
ਹੱਥ ਜਾਣਗੇ ਸੜ
ਫੇਰ ਨਾ ਹੱਥ ਲਾਏਗਾ, ਕੋਈ ਹੋਰ
ਤੂੰ ਹੈ, ਸਾਡੀ ਚੋਰ ਨੀ ਦਿੱਲੀਏ, ਤੂੰ ਹੈਂ ਸਾਡੀ ਚੋਰ
ਸੁਣ ਨੀ ਦਿੱਲੀਏ
ਅਸੀਂ ਮਿੱਟੀ ਦੇ ਜਾਏ
ਅੰਨ ਉਗਾਈਏ, ਲੰਗਰ ਲਾਈਏ

ਸਾਡੇ ਘਰ ਦੇ ਬੂਹੇ
ਸਾਡੇ ਕੋਲੋਂ ਹੀ ਨਾ ਢੋਅ
ਤੂੰ ਹੈਂ ਸਾਡੀ ਚੋਰ ਨੀ ਦਿੱਲੀਏ, ਤੂੰ ਹੈਂ ਸਾਡੀ ਚੋਰ
ਸੁਣ ਨੀ ਦਿੱਲੀਏ
ਅਸਾਂ ਸੇਕ ਲਈ
ਆਪਣੀ ਬਾਲ ਕੇ ਆਪ
ਪਰ, ਤੈਨੂੰ ਪਰ ਕਿਉਂ ਚੜ੍ਹਿਆ
ਮੱਠਾ ਮੱਠਾ ਤਾਪ
ਹੁਣ ਨਾ ਤੈਨੂੰ ਲੱਭਣਾ
ਵੈਦ ਨੀ ਕੋਈ ਹੋਰ
ਤੂੰ ਹੈਂ ਸਾਡੀ ਚੋਰ ਨੀ ਦਿੱਲੀਏ, ਤੂੰ ਹੈਂ ਸਾਡੀ ਚੋਰ
■

# ਹਾਰਿਓ ਨਾ

ਹਾਰਿਓ ਨਾ ਹਾਰਿਓ
ਮਿੱਟੀ ਦੇ ਦੁਲਾਰਿਓ
ਆਉਣਾ, ਜਿੱਤ ਝੋਲੀ ਪਾ
ਖੇਤਾਂ ਦੇ ਚੱਪੇ ਚੱਪੇ
ਛੱਟਾ, ਮਾਰੋ ਬੀ ਦਾ
ਉੱਗ ਪੈਣੇ, ਫੇਰ ਬੋਡੇ ਚਾਅ
ਮਹਿਕ ਇਹ ਰੋਟੀਆਂ ਦੀ
ਬਣੀ ਰਹੇ ਯੁੱਗਾਂ ਤਾਈਂ
ਇਹੋ ਕਰਦੇ ਅਰਦਾਸ
ਤੋੜ ਬੇਈਮਾਨਾਂ ਦੇ ਘੇਰਿਆਂ ਨੂੰ
ਦੀਵਾ, ਸੱਚ ਵਾਲਾ ਦੇਣਾ ਤੁਸਾਂ ਬਾਲ
ਰੁੱਤਾਂ ਜੋ ਸਰਾਪੀਆਂ ਨੇ
ਮੁੜ ਆਉਣ ਫੇਰ ਰੱਬਾ
ਡੁੱਲ ਡੁੱਲ੍ਹ ਪੈਣ ਫੇਰ ਚਾਅ
ਜੁੱਗ ਜੁੱਗ ਜੀਉ, ਖੇਤਾਂ ਦਿਓ ਰਾਜਿਓ
ਫ਼ਸਲਾਂ ਦੀ ਹੋਵੇ ਭਰਮਾਰ
ਹਾਰਿਓ ਨਾ ਹਾਰਿਓ
ਮਿੱਟੀ ਦੇ ਦੁਲਾਰਿਓ
ਆਉਣਾ ਜਿੱਤ ਝੋਲੀ ਪਾ
ਹਾਰਿਓ ਨਾ
ਹਾਰਿਓ ਨਾ ਹਾਰਿਓ
ਮਿੱਟੀ ਦੇ ਦੁਲਾਰਿਓ
ਆਉਣਾ, ਜਿੱਤ ਝੋਲੀ ਪਾ
ਖੇਤਾਂ ਦੇ ਚੱਪੇ ਚੱਪੇ
ਛੱਟਾ, ਮਾਰੋ ਬੀ ਦਾ
ਉੱਗ ਪੈਣੇ, ਫੇਰ ਬੋਡੇ ਚਾਅ
ਮਹਿਕ ਇਹ ਰੋਟੀਆਂ ਦੀ
ਬਣੀ ਰਹੇ ਯੁੱਗਾਂ ਤਾਈਂ
ਇਹੋ ਕਰਦੇ ਅਰਦਾਸ
ਤੋੜ ਬੇਈਮਾਨਾਂ ਦੇ ਘੇਰਿਆਂ ਨੂੰ
ਦੀਵਾ, ਸੱਚ ਵਾਲਾ ਦੇਣਾ ਤੁਸਾਂ ਬਾਲ

ਰੁੱਤਾਂ ਜੋ ਸਰਾਪੀਆਂ ਨੇ
ਮੁੜ ਆਉਣ ਫੇਰ ਰੱਬਾ
ਡੁੱਲ ਡੁੱਲ੍ਹ ਪੈਣ ਫੇਰ ਚਾਅ
ਜੁੱਗ ਜੁੱਗ ਜੀਉ, ਖੇਤਾਂ ਦਿਓ ਰਾਜਿਓ
ਫ਼ਸਲਾਂ ਦੀ ਹੋਵੇ ਭਰਮਾਰ
ਹਾਰਿਓ ਨਾ ਹਾਰਿਓ
ਮਿੱਟੀ ਦੇ ਦੁਲਾਰਿਓ
ਆਉਣਾ ਜਿੱਤ ਝੋਲੀ ਪਾ
■

**-Satnam Chauhan**
**Patiala, India**
**satnamchauhan8@gmail.com**

# ਅਸੀਂ ਮੁੜ ਆਵਾਂਗੇ



ਪੁਸ਼ਪਿੰਦਰ ਵਿਰਕ
ਇੰਡੀਆ

ਅਸੀਂ ਚੱਲੇ ਨਹੀਂ
ਮੁੜ ਕੇ ਆਉਣ ਲਈ ਚੱਲੇ ਹਾਂ
ਜੇ ਲੋੜ ਪਈ
ਤਾਂ ਫਿਰ ਆਵਾਂਗੇ
ਤੇ ਤੇਰੀ ਹਿੱਕ ਉੱਤੇ
ਇਸੇ ਤਰ੍ਹਾਂ ਹੀ ਟਰੈਕਟਰ ਚੜ੍ਹਾਵਾਂਗੇ

ਅਸੀਂ ਇਕੱਲੇ ਨਹੀਂ
ਪਰ ਥੋੜ੍ਹੇ ਝੱਲੇ ਹਾਂ
ਤੇ ਤੂੰ ਝੱਲੇ ਸਮਝ
ਇਕੱਲੇ ਦੀ ਤਾਂਘ 'ਚ ਸੀ
ਪਰ ਅਸੀਂ ਦੱਲੇ ਨਹੀਂ
ਸਵੱਲੇ ਹਾਂ

ਅਸੀਂ ਫੇਰ ਆਵਾਂਗੇ
ਜੇ ਸੀਸ ਦੇਣਾ ਪਵੇ
ਤਾਂ ਹਜ਼ਾਰਾਂ ਸੀਸ
ਤੇਰੀ ਝੋਲੀ
ਹੱਸ ਹੱਸ ਕੇ ਪਾਵਾਂਗੇ
ਜੇ ਸਬਰ ਦੇਣਾ ਪਵੇ
ਅਸੀਂ ਰੁੱਖ ਵੀ ਬਣ ਜਾਵਾਂਗੇ
ਅਸੀਂ ਇਸੇ ਤਰ੍ਹਾਂ ਹੀ ਲੰਗਰ
ਲਗਾਵਾਂਗੇ ਤੇ
ਤੈਨੂੰ ਵੀ ਛਕਾਵਾਂਗੇ
ਅਸੀਂ ਚੱਲੇ ਨਹੀਂ
ਮੁੜ ਕੇ ਆਉਣ ਲਈ ਚੱਲੇ ਹਾਂ
ਜੇ ਲੋੜ ਪਈ
ਤਾਂ ਫੇਰ ਆਵਾਂਗੇ

ਅਸੀਂ ਅੱਤਵਾਦੀ ਨਹੀਂ
ਅਸੀਂ ਵੱਖਵਾਦੀ ਨਹੀਂ

ਅਸੀਂ ਮਿੱਟੀ ਖਾਂਦੇ
ਮਿੱਟੀ ਪੀਂਦੇ
ਮਿੱਟੀ ਲਈ ਮਰ ਹੀ ਜਾਵਾਂਗੇ
ਅਸੀਂ ਚੱਲੇ ਨਹੀਂ
ਮੁੜ ਕੇ ਆਉਣ ਲਈ ਚੱਲੇ ਹਾਂ

ਫਿਰ ਆਵਾਂਗੇ
ਤੇ ਟੀ.ਵੀ ਉੱਤੇ
ਆਪਣੇ ਜੁੰਡੇ ਪੱਟਦੀਆਂ
ਬੀਬੀਆਂ ਦੇ ਜੁੰਡੇ
ਹੋਰ ਪਟਾਵਾਂਗੇ
ਅਸੀਂ ਗਿੱਧਾ ਪਾਉਣਾ ਵੀ ਜਾਣਦੇ ਹਾਂ
ਤੇ ਗਿੱਧਾ ਪਵਾਉਣਾ ਵੀ ਜਾਣਦੇ ਹਾਂ
ਤੇ ਇਸੇ ਤਰ੍ਹਾਂ ਹੀ ਗਿੜਦੇ ਪੁਆਵਾਂਗੇ

ਅਸੀਂ ਮੁੜ ਆਵਾਂਗੇ
ਅਸੀਂ ਚੱਲੇ ਨਹੀਂ
ਮੁੜ ਆਉਣ ਲਈ ਚੱਲੇ ਹਾਂ

ਅਸੀਂ ਆਉਂਦੇ ਸੀ
ਆਉਂਦੇ ਹਾਂ
ਤੇ ਇਸੇ ਤਰ੍ਹਾਂ ਹੀ
ਫੇਰੀਆਂ ਪਾਵਾਂਗੇ
ਅਸੀਂ ਚੱਲੇ ਨਹੀਂ
ਮੁੜ ਕੇ ਆਉਣ ਲਈ ਚੱਲੇ ਹਾਂ
■

# ਸੱਚ ਦਾ ਸਾਥੀ

ਸੱਚ ਸੱਚ ਹੀ ਹੁੰਦਾ
ਤੇ ਝੂਠ ਕੁਝ ਵੀ ਨਹੀਂ
ਸੱਚ ਦਾ ਪਤਾ ਲਗਾਉਣ ਲਈ
ਪੋਲੀਗ੍ਰਾਫ ਯੰਤਰ ਦੀ ਲੋੜ ਨਹੀਂ ਪੈਂਦੀ
ਸੱਚ ਸੂਲੀ ਉੱਤੇ ਵੀ ਮੁਸਕਰਾਉਂਦਾ
ਸੱਚ ਬੰਦ ਬੰਦ
ਕਟਵਾਉਂਦਿਆਂ ਵੀ ਨਹੀਂ ਡੋਲਦਾ
ਸੱਚ ਤੱਤੀਆਂ ਤਵੀਆਂ
ਉੱਤੇ ਵੀ ਨਹੀਂ ਭੁਜਦਾ
ਸੱਚ ਆਰਿਆਂ ਨਾਲ ਵੀ ਨਹੀਂ ਚਰਾਇਆ ਜਾਂਦਾ
ਸੱਚ ਉਬਲਦੀਆਂ ਦੇਗਾਂ 'ਚ ਉੱਤੇ ਹੀ ਤੈਰਦਾ
ਸੱਚ ਸੀਸ ਤਲੀ ਤੇ ਧਰ ਕੇ ਲੜਦਾ
ਸੱਚ ਦੇ ਲੱਖਾਂ ਸਿਰ ਉਗ ਆਉਂਦੇ
ਤੇ ਝੂਠ ਦਾ ਕੋਈ ਸਿਰ ਪੈਰ ਨਹੀਂ ਹੁੰਦਾ
ਸੱਚ ਬੋਲਦਿਆਂ
ਬੰਦੇ ਦੇ ਮੱਥੇ ਤੇ ਤ੍ਰੇਲੀ ਨਹੀਂ ਆਉਂਦੀ
ਤੇ ਨਾ ਹੀ ਅੱਖਾਂ ਝੁਕਦੀਆਂ
ਝੂਠ ਬੁਖਲਾ ਉੱਠਦਾ
ਸੱਚ ਦੀ ਸੁਰ ਧੀਮੀ ਹੁੰਦੀ
ਝੂਠ ਉੱਚੀ ਉੱਚੀ ਸ਼ੋਰ ਪਾਉਂਦਾ
ਸੱਚ ਸੜਕਾਂ ਉੱਤੇ
ਹਰ ਰੁੱਤ ਨੂੰ ਆਪਣੇ ਪਿੰਡੇ ਤੇ ਹੰਢਾਉਂਦਾ
ਝੂਠ ਦਾ ਸਾਹ
ਏ.ਸੀ. ਅਤੇ ਗਰਮ ਕਮਰਿਆਂ ਵਿੱਚ ਵੀ ਘੁੱਟਦਾ
ਸੱਚ-ਉੱਗਦਾ ਹੋਇਆ
ਸੂਰਜ ਬਣ ਕੇ ਪੁਰਸ਼ 'ਚ ਚੜ੍ਹਦਾ
ਝੂਠ ਬਦਨਾਮ ਗਲੀਆਂ ਵਿੱਚ ਗੁਆਚ ਜਾਂਦਾ
ਸੱਚ ਦੀ ਆਵਾਜ਼ ਨੀਂਹਾਂ ਤਾਂ ਕੀ
ਪਤਾਲ 'ਚੋਂ ਵੀ ਸੁਣਾਈ ਦਿੰਦੀ
ਤੇ ਝੂਠ ਅੱਜ ਕੱਲ੍ਹ
ਬੱਸ....ਟੀ.ਵੀ. ਉੱਤੇ ਹੀ ਆਪਣੇ ਜੁੰਡੇ ਪੁੱਟਦਾ ■

**-Pushpinder Virk**
**Mukatsar, Pb.**
**India**

# ਓਏ ਸੁਣ ਹਾਕਮਾਂ.....



ਡਾ. ਪ੍ਰਿਤ ਪਾਲ ਕੌਰ ਚਾਹਲ
ਕੈਨੇਡਾ

ਭਾਵੇਂ ਦੇਹ ਸਾਨੂੰ ਮਾਰ
ਨਾਲ ਖੁੰਢੀ ਤਲਵਾਰ
ਠੰਡੇ ਪਾਣੀ ਵਾਲੀ ਧਾਰ
ਨਹੀਂ ਹੱਟਣਾ ਪਿਛਾਂਹ
ਹੁਣ ਜਾਣਾ ਹੈ ਅਗਾਂਹ
ਓਏ ਸੁਣ ਹਾਕਮਾਂ
ਅਸੀਂ ਮੰਨਣੀ ਨਹੀਂ ਈਨ
ਹੁਣ ਤੇਰੀ ਜ਼ਾਲਮਾਂ.....

ਜਿੰਨ੍ਹਾਂ ਪਾਣੀ ਕਕਰੀਲਾ
ਓਨਾ ਬੰਦਾ ਅਣਖੀਲਾ
ਜ਼ਿੱਦੀ ਹਾਕਮ ਹਠੀਲਾ
ਜ਼ਮੀਨ ਸਾਡੀ ਜੇ ਤੂੰ ਵੇਚੇ
ਪੱਕੇ ਪੈ ਜਾਣ ਪੇਚੇ
ਓਏ ਸੁਣ ਹਾਕਮਾਂ
ਭਾਵੇਂ ਕੱਢ ਲੈ ਤੂੰ ਜਾਨ
ਹੁਣ ਸਾਡੀ ਜ਼ਾਲਮਾਂ.....

ਸਾਨੂੰ ਕੱਲਾ ਨਾ ਤੂੰ ਜਾਣੀਂ
ਸਾਡੀ ਜ਼ਾਤ ਤੂੰ ਪਛਾਣੀਂ
ਪਾ ਨਾ ਪਾਣੀ ‘ਚ ਮਧਾਣੀ
ਅਸੀਂ ਮੰਨਦੇ ਨਾ ਹਾਰ
ਗੱਲ ਹੋਊ ਆਰ ਪਾਰ
ਓਏ ਸੁਣ ਹਾਕਮਾਂ
ਸਾਡੇ ਹੱਕ ਇੱਥੇ ਰੱਖ
ਮੰਗ ਖ਼ੈਰ ਹਾਕਮਾਂ.....

ਸਾਡੇ ਦੁੱਖ ਨਾ ਤੂੰ ਜਾਣੇ
ਸਾਡੀ ਜ਼ਾਤ ਨਾ ਪਛਾਣੇ
ਤੇਰੇ ਮੁੱਕ ਜਾਣ ਦਾਣੇ
ਤੈਨੂੰ ਕਿਹਾ ਸੌ ਵਾਰ

ਸਾਨੂੰ ਦੇਵੇਂ ਦੁਤਕਾਰ
ਓਏ ਸੁਣ ਹਾਕਮਾਂ
ਹੁਣ ਇੱਦਾਂ ਨਹੀਓਂ ਹੋਣਾ
ਕਰ ਲੈ ਪੱਕ ਹਾਕਮਾਂ.....

ਕਰ ਕੰਮ ਤੂੰ ਮਹਾਨ
ਚੰਗਾ ਆਖੇ ਇਹ ਜਹਾਨ
ਹੈ ਵੰਗਾਰਦਾ ਕਿਸਾਨ
ਲੋਕ ਕਹਿਣ ਇਹ ਸੱਚ
ਬਚ ਸਕਦੈਂ ਤਾਂ ਬੱਚ
ਓਏ ਸੁਣ ਹਾਕਮਾਂ
ਇੱਥੇ ਗਲਣੀਂ ਨਹੀਂ ਦਾਲ
ਹੁਣ ਤੇਰੀ ਜ਼ਾਲਮਾਂ.....
■

# ਅੱਜ ਦਾ 'ਏਕਲਵਿਆ' ਇਨਕਾਰੀ ਹੈ

ਬਚਪਨ ਵਿੱਚ ਬਾਪੂ ਨੇ ਸਿਖਾਇਆ ਸੀ
'ਮੁੱਕਾ' ਵੱਟ ਕੇ
ਤਾਕਤ ਦਰਸਾਉਣ ਦਾ
ਗੁੱਸਾ ਵਿਖਾਉਣ ਦਾ ਢੰਗ.....

ਮੁੱਕਾ.....
ਜਿਸ ਵਿੱਚ ਚਾਰੇ ਉਂਗਲਾਂ
ਹਥੇਲੀ ਦੇ ਅੰਦਰ ਨੂੰ ਇਕੱਠੀਆਂ ਕਰਕੇ
ਉੱਪਰੋਂ ਦੀ ਅੰਗੂਠਾ ਵਲ ਕੇ
ਹਵਾ ਵਿੱਚ ਤਾਣ ਕੇ
ਦਰਸਾਉਂਦੀਆਂ ਨੇ 'ਏਕਤਾ'
'ਏਕਤਾ'.....
ਜਿਸ ਵਿੱਚ ਬਲ ਹੈ
ਤਾਕਤ ਹੈ
ਜੋਸ਼ ਹੈ.....

ਉਦੋਂ ਬਾਪੂ ਮੁੱਛ ਫੁੱਟ
ਗੱਭਰੂ ਜਵਾਨ ਸੀ
ਅਤੇ
ਜ਼ਿੰਮੀਦਾਰਾ/ ਲੰਬੜਾਂ ਦਾ
ਸੀਰੀ ਨਹੀਂ ਰਲਿਆ ਸੀ

ਲੰਬੜ.....
ਜਿਹੜੇ ਸੀਰੀਆਂ ਦੇ ਟੱਬਰਾਂ
ਔਰਤਾਂ, ਬੱਚਿਆਂ, ਧੀਆਂ, ਭੈਣਾਂ
ਸਭ ਨੂੰ ਆਪਣੀ ਜ਼ਰ-ਖ਼ਰੀਦ
ਜਾਇਦਾਦ ਮੰਨਦੇ ਹਨ
ਅਤੇ
ਮੰਨਦੇ ਹਨ ਆਪਣੇ ਆਪ ਨੂੰ
'ਅੱਜ ਦੇ ਦਰੋਣਾਚਾਰਿਆ'

ਪਰ ਵਰ੍ਹਿਆਂ ਦੇ ਵਰ੍ਹੇ
ਸਦੀਆਂ ਬੀਤ ਜਾਣ ਤੇ ਵੀ
ਅੱਜ ਦੇ ਯੁੱਗ ਦਾ 'ਦਰੋਣਾਚਾਰਿਆ'
ਆਪਣੀ ਵਰ੍ਹਿਆਂ ਦੀ ਸੀਰੀ ਰਲਾ ਕੇ
ਪਾਲਣ ਪੋਸ਼ਣ ਦੀ 'ਦੀਕਸ਼ਾ' ਵਿੱਚ
ਮੰਗ ਲੈਂਦਾ ਹੈ
ਅੱਜ ਦੇ 'ਏਕਲਵਿਆ' ਦੇ ਹੱਥ ਦਾ ਅੰਗੂਠਾ


ਪਰ
ਅੱਜ ਦਾ 'ਏਕਲਵਿਆ' ਇਨਕਾਰੀ ਹੈ
'ਦੀਕਸ਼ਾ ਦੇਣ ਤੋਂ
ਅੰਗੂਠਾ ਕਟਵਾਉਣ ਤੋਂ.....

ਕਿ
ਭਾਵੇਂ ਸਦੀਆਂ ਤੋਂ ਚਲੀ ਆ ਰਹੀ
'ਮਨੂੰ ਪ੍ਰਵਿਰਤੀ' ਮਜ਼ਬੂਰ ਕਰਦੀ ਹੈ
ਉਸਨੂੰ ਅਜਿਹਾ ਕਰਨ ਤੋਂ.....

ਪਰ ਅਜੇ ਤੇ 'ਏਕਲਵਿਆ' ਨੇ
ਬੜੇ ਕੰਮ ਲੈਣੇ ਹਨ
ਇਸ ਅੰਗੂਠੇ ਤੋਂ.....
ਕਿ ਚਾਰੇ ਉਂਗਲਾਂ
ਇਕੱਠੀਆਂ ਹੋ ਕੇ ਵੀ
ਖਿੰਡ ਜਾਣਗੀਆਂ
ਅੰਗੂਠੇ ਦੀ ਗ਼ੈਰਹਾਜ਼ਿਰੀ ਵਿੱਚ
ਅਤੇ ਤਿੜਕ ਜਾਵੇਗਾ
ਬੰਦ ਮੁੱਠੀ ਦੀ ਤਾਕਤ ਦਾ ਅਹਿਸਾਸ.....
ਕਿ ਅੱਜ ਦਾ 'ਏਕਲਵਿਆ'
ਇਨਕਾਰੀ ਹੈ.....
■

**-Dr. Prit Pal Kaur Chahal**
**Winnipeg, Canada**
**204-999-9240**

# ਬਾਹਰੋਂ ਹੀ ਆਵੇ



ਜੱਸੀ ਢਿੱਲੋਂ
ਯੂ.ਐਸ.ਏ.

ਤੱਕਕੇ ਤੜਪਦੇ ਆਪਣੇ ਵਤਨ ਦੇ ਲੋਕਾਂ ਨੂੰ
ਕਿਉਂ ਮੈਂ ਸ਼ਰਮਸ਼ਾਰ ਹਾਂ ਆਪਣੀਆ ਸੋਚਾਂ ਦੇ
ਹਰ ਰੋਜ਼ ਘਰੋਂ ਨਿਕਲਦੇ ਹਾਂ ਲੁੱਟ ਜਾਣ ਨੂੰ
ਜ਼ਰੂਰੀ ਨਹੀਂ ਗਜਨੀ ਹਰ ਵਾਰ ਬਾਹਰੋਂ ਹੀ ਆਵੇ

ਅੰਗਰੇਜਾਂ ਦਾ ਬਾਣਾ ਪਾ, ਅੰਗਰੇਜ਼ ਬਣੇ ਹਾਂ
ਭੁਲਾ ਬੈਠੇ ਹਾਂ ਮੱਕੀ ਦੀ ਰੋਟੀ ਤੇ ਸਰੋਂ ਦਾ ਸਾਗ
ਖਾਂਦੇ ਹਾਂ ਪੀਜੇ ਬਰਗਰ ਰੋਟੀ ਨੂੰ ਪੁਠ ਦੇਕੇ
ਉਪਜ ਸਾਡੀ ਤੇ ਲੁੱਟਣ ਉਹ ਬਾਹਰੋਂ ਹੀ ਆਵੇ

ਮਹਿਫ਼ਲ ਨਹੀਂ ਪਾਰਟੀ ਦਾ ਪਹਿਰਾਵਾ ਹੈ
ਮੇਰੀ ਪਹਿਚਾਣ ਨੂੰ ਪਰਦੇਸਾਂ ਦੀ ਪਾਣ ਲੱਗੀ
ਖ਼ੁਦ ਪਾੜਦੇ ਹਾਂ ਲੀੜੇ ਅਮੀਰ ਵਿਰਾਸਤ ਦੇ
ਜ਼ਰੂਰੀ ਨਹੀਂ ਲੀਰੋਲੀਰ ਕਰਨ ਬਾਹਰੋਂ ਹੀ ਆਵੇ

ਭਰਮਾਏ ਜਾਣ ਦੀ ਆਦਤ ਸਾਡੀ ਪੁਰਾਣੀ ਹੈ
ਅਚੰਬਿਤ ਗੱਲਾਂ ਸਾਨੂੰ ਅਕਸਰ ਭਰਮਾਂਦੀਆਂ ਨੇ
ਆਪਣਿਆਂ ਦੀ ਲੁੱਟ ਨੂੰ ਅਕਸਰ ਹਾਂ ਮਾਣਦੇ
ਜ਼ਰੂਰੀ ਨਹੀਂ ਮਦਾਰੀ ਹਰ ਵਾਰ ਬਾਹਰੋਂ ਹੀ ਆਵੇ
■

# ਕਿਸਾਨ ਹੀ ਹੈ

ਅੱਜ ਸੜਕਾਂ ਤੇ ਨਿਕਲ ਆਇਆ ਜੋ
ਚਿਰਾਂ ਤੋਂ ਦੜਵੱਟੀ ਬੈਠਾ ਸੀ
ਤੇਰੇ ਸਾਲਾਂ ਦੇ ਤਸੀਹੇ ਝੱਲਦਾ ਰਿਹਾ
ਇਹ ਸਦਰਾਂ ਬਾਲਦਾ ਕਿਸਾਨ ਹੀ ਹੈ

ਕਈ ਰਾਤਾਂ ਗੁਜ਼ਾਰੀਆਂ ਖੇਤਾਂ ਵਿੱਚ
ਅੱਜ ਸੜਕਾਂ ਦੇ ਕੰਡੇ ਬੈਠਾ ਹੈ
ਬੱਚਿਆਂ ਵਾਂਗ ਪਾਲਦਾ ਫਸਲਾਂ ਨੂੰ
ਫਿਰ ਮੰਡੀਆਂ 'ਚ ਰੁਲ਼ਦਾ ਕਿਸਾਨ ਹੀ ਹੈ

ਕਦ ਰਾਤ ਗੁਜ਼ਾਰੀ ਬਿਸਤਰ ਵਿੱਚ
ਭਾਵੇਂ ਇਸ ਨੂੰ ਚੇਤੇ ਨਹੀਂ ਹੋਣਾ
ਫਸਲਾਂ ਨੂੰ ਮੰਡੀਆਂ 'ਚ ਰੁਲ਼ਦਾ ਤੱਕ
ਖ਼ੁਦ ਤੇ ਹੀ ਝੁਰਦਾ ਕਿਸਾਨ ਹੀ ਹੈ

ਬੱਚਿਆਂ ਵਾਂਗ ਪਾਲੇ ਫਸਲਾਂ ਨੂੰ
ਤੇ ਤਨ ਠਾਰਦਾ ਉਸ ਨੂੰ ਪਾਲਣ ਨੂੰ
ਮੁੱਲ ਨ ਪਾਕੇ ਫਿਰ ਮਿਹਨਤ ਦਾ
ਤਿੱਲ ਤਿੱਲ ਮਰਦਾ ਕਿਸਾਨ ਹੀ ਹੈ

ਹਾੜਾ ਹੁਣ ਦਾਤਾ ਰਹਿਮ ਤੂੰ ਕਰ
ਇਨ੍ਹਾਂ ਲਿਖੀਆਂ ਝੱਲਦੇ ਲੋਕਾਂ ਤੇ
ਭਾਵੇਂ ਸੀਸ ਤਲੀ ਤੇ ਧਰ ਨਿਕਲੇ ਨੇ
ਤਾਂ ਵੀ ਚੁੱਪ ਬੈਠਾ ਇਹ ਕਿਸਾਨ ਹੀ ਹੈ

ਰੱਬਾ, ਤੂੰ ਵੀ ਬੈਠਾ ਝੂਰਦਾ ਹੋਣੇ
ਵੇਖ  ਕੇ ਦੁੱਖ, ਅੰਨਦਾਤੇ ਦਾ
ਬੱਸ ਸਿਦਕ ਤੇ ਹੌਸਲਾ ਤੂੰ ਬੱਕਸ਼ੀਂ
ਤੇਰੀ ਮੇਹਰ ਸਦਕਾ ਕਿਸਾਨ ਹੀ ਹੈ
■

**-Jassi Dhillon**
**New York, U.S.A.**
**jasjee7@gmail.com**

# ਗ਼ਜ਼ਲ



ਲਖਵਿੰਦਰ ਕੌਰ 'ਲੱਕੀ'
ਯੂ.ਐਸ.ਏ.

ਪੁੱਛ ਨਾ ਕੀ-ਕੀ, ਅਸਾਂ ਨੇ ਜਰ ਲਿਆ
ਤਹੁਮਤਾਂ ਦਾ ਤਾਜ, ਸਿਰ ਤੇ ਧਰ ਲਿਆ

ਡਰ ਨਹੀਂ ਹੈ ਮੌਤ ਦਾ, ਉਸ ਨੂੰ ਕਹੋ
ਹੈ ਅਗਰ ਇਸ ਤੋਂ ਪਰ੍ਹੇ, ਕੋਈ ਡਰ ਲਿਆ

ਬਾਬਰਾਂ, ਅਬਦਾਲੀਆਂ, ਔਰੰਗਿਆਂ
ਦੱਸ ਤਾਂ ਸਹੀ, ਕੀ ਅਸਾਡਾ ਕਰ ਲਿਆ

ਚੀਰ ਦੇਣੇ ਨੇ ਹਨੇਰੇ, ਹੁਣ ਅਸੀਂ
ਸੂਰਜਾਂ ਨੂੰ ਮੱਥਿਆਂ ਵਿਚ, ਭਰ ਲਿਆ

ਜੇ ਤੂੰ ਚਾਹੁੰਨੈਂ, ਪਾਰ ਜਾਣਾ ਅੰਬਰੋਂ
ਦਿਲ ਦੇ ਅੰਦਰ, ਹੌਂਸਲੇ ਦੇ ਪਰ ਲਿਆ

ਮਨ ਦੇ ਹਾਰੇ, ਹਾਰ ਜਾਂਦੇ, ਯਾਦ ਰੱਖ
ਜਿੱਤਣੇ ਵਾਲ਼ੇ ਨੇ, ਸਾਗਰ ਤਰ ਲਿਆ

ਸ਼ੂਕਦੀ ਨ੍ਹੇਰੀ ਦੇ ਵਿਚ, ਬਿਨ ਡੋਲਿਆਂ
ਖੜ੍ਹਨ ਦਾ ''ਲੱਕੀ'' ਅਸਾਂ ਨੇ ਵਰ ਲਿਆ
■

# ਗ਼ਜ਼ਲ

ਭਾਵੇਂ ਕੋਈ ਵੀ ਹੋਵੇ ਸਰਕਾਰ ਐ ਹਾਕਮ
ਕਿਓਂ ਖਾਂਦੀ ਹੈ ਨਾਲ ਅਸਾਡੇ ਖ਼ਾਰ ਐ ਹਾਕਮ

ਹੱਕ ਤਾਂ ਲੈ ਕੇ ਜਾਵਾਂਗੇ ਹੁਣ ਹਰ ਹੀਲੇ ਹੀ
ਦੇਸ਼ ਦੇ ਕਿਰਤੀ ਹੋ ਗਏ ਪੱਬਾਂ ਭਾਰ ਐ ਹਾਕਮ

ਅਪਣੀ ਆਈ ਤੇ ਆ ਗਏ ਤਾਂ ਸਾਂਭੂ ਕਿਹੜਾ
ਇਹਨਾਂ ਤੇ ਨਾ ਐਨਾ ਜ਼ੁਲਮ ਗੁਜ਼ਾਰ ਐ ਹਾਕਮ

ਨਾ ਛੱਡੀ ਚਲ ਜੁਮਲੇ, ਨਾ ਭਰਮਾ ਹੁਣ ਸਾਨੂੰ
ਆਪਾਂ ਕਰ ਕੇ ਜਾਣਾ ਆਰ ਜਾਂ ਪਾਰ ਐ ਹਾਕਮ

ਨਾਢੂ ਖਾਂ ਬਣਦੇ ਸੀ ਜਿਹੜੇ ਤੇਰੇ ਵਾਂਗੂੰ
ਮਿੱਟੀ ਦੇ ਵਿੱਚ ਰੁਲ਼ ਗਏ ਉਹ ਖੂੰਖਾਰ ਐ ਹਾਕਮ

ਹਿੰਦੂ, ਮੁਸਲਿਮ, ਸਿੱਖ, ਈਸਾਈ ਸਭ 'ਕੱਠੇ ਨੇ
ਧਰਮਾਂ-ਜਾਤਾਂ ਦਾ ਨਈਂ ਚਲਣਾ ਵਾਰ ਐ ਹਾਕਮ

ਪਛਤਾਵੇਂਗਾ, ਰੋਹ ਸਾਡਾ ਪ੍ਰਚੰਡ ਕਰੀਂ ਨਾ
ਸ਼ਾਂਤਮਈ ਧਰਨੇ ਦਾ ਕਰ ਸਤਿਕਾਰ ਐ ਹਾਕਮ

ਸੋਚੀਂ ਨਾ ਤੇਰੇ ਤੋਂ ਡਰ ਕੇ ਮੁੜ ਜਾਵਾਂਗੇ
ਲੋੜ ਪਈ ਤਾਂ ਕਰਲਾਂਗੇ ਹੱਥ ਚਾਰ ਐ ਹਾਕਮ


ਐਰੇ-ਗ਼ੈਰੇ ਸਾਨੂੰ ਐਵੇਂ ਜਾਣ ਲਈਂ ਨਾ
ਆਏ ਨੇ ਪੰਜ ਆਬਾਂ ਦੇ ਸਰਦਾਰ ਐ ਹਾਕਮ

ਮਨ ਕੀ ਬਾਤ ਦੀ ਆੜ 'ਚ, ਨਾ ਕਰ ਫ਼ਤਵੇ ਜਾਰੀ
ਆਖੇ "ਲੱਕੀ" ਹੱਥ ਅਕਲ ਨੂੰ ਮਾਰ ਐ ਹਾਕਮ

■

**-Lakhvinder Kaur 'Lucky'**
**U.S.A.**

# ਮੈਂ ਕਿਸਾਨ ਹਾਂ



ਚਰਨਜੀਤ ਸਿੰਘ ਪੰਨੂ
ਯੂ.ਐਸ.ਏ.

ਮੈਂ ਕਿਸਾਨ ਹਾਂ, ਇਨਸਾਨ ਹਾਂ
ਮਿੱਟੀ ਦਾ ਪੁਤਲਾ ਹਾਂ
ਧਰਤੀ ਦਾ ਲਾਡਲਾ ਪੁੱਤਰ
ਪਰਖ ਲੈ, ਅਜ਼ਮਾ ਲੈ, ਪਛਾਣ ਲੈ...ਵੇਖ ਲੈ
ਓਹੋ ਹੀ ਹਾਂ ਮੈਂ
ਜੋ ਗੁਲਾਮੀ ਬੇੜੀਆਂ ਕੱਟਣ ਹਿਤ
ਭਾਰਤ ਦੀ ਆਜ਼ਾਦੀ ਖ਼ਾਤਰ ਲੜਿਆ ਸਾਂ
ਜੇਲ੍ਹਾਂ ਵਿਚ ਸੜਿਆ ਸਾਂ, ਫਾਂਸੀ ਤੇ ਚੜ੍ਹਿਆ ਸਾਂ
ਤੇਰੀ ਇੱਜ਼ਤ ਆਬਰੂ ਖ਼ਾਤਰ
ਸਰਹੱਦਾਂ ਤੇ ਖੜਿਆ ਹਾਂ
ਤੇਰੇ ਪੇਟ ਝੁਲਕੇ ਵਾਸਤੇ
ਕਕਰੀਲੀਆਂ ਰਾਤਾਂ ਵਿਚ ਠਰਿਆ ਹਾਂ

ਸਬਰ ਸੰਤੋਖ ਤਹੱਮਲ ਵਾਲਾ
ਸਰਬੱਤ ਦਾ ਭਲਾ ਮੰਗਲ ਵਾਲਾ ਹਾਂ ਮੈਂ
ਸਰਬ ਸਾਂਝੀਵਾਲ ਸ਼ਾਂਤੀ ਦਾ ਮਤਵਾਲਾ ਪ੍ਰਤੀਕ
ਮੈਂ ਅੱਤਵਾਦੀ ਨਹੀਂ, ਅੰਦੋਲਨ ਜੀਵੀ ਨਹੀਂ, ਵੱਖਵਾਦੀ ਨਹੀਂ
ਨਾ ਪਕਿਸਤਾਨੀ ਨਾ ਮਾਓਵਾਦੀ ਨਾ ਖ਼ਾਲਿਸਤਾਨੀ

ਨਾ ਬਾਗ਼ੀ, ਗ਼ੱਦਾਰ, ਨਾ ਕਾਨੂੰਨ ਦਾ ਗੁਨਾਹਗਾਰ
ਮੈਂ ਹਾਂ ਭਾਰਤ ਮਾਂ ਦਾ ਆਦਰਸ਼ਕ ਸਿਕਦਾਰ
ਦੇਸ਼ ਕੌਮ ਦਾ ਅਣਖੀ ਸਿਪਾਹੀ ਵਫ਼ਾਦਾਰ
ਹੋਸ਼ ਕਰ ਮੇਰੀ ਸਰਕਾਰ

ਨਵ-ਜਾਤ ਬੱਚੇ ਦੀ ਜਨਮ ਗੁੜ੍ਹਤੀ ਤੋਂ
ਪੀਜ਼ਾ ਬਰਗਰ ਡਬਲ ਰੋਟੀ ਤੱਕ
ਮਜ਼ਦੂਰ ਮਸ਼ੱਕਤ ਦੇ ਕੀਤੇ ਤਿਆਰ
ਮੈਂ ਨਹੀਂ ਮੰਗਦਾ ਭੀਖ ਨਾ ਕਰਜ ਅਹਿਸਾਨ
ਬਿਆਈਆਂ ਪਾਟੇ ਹੱਥਾਂ ਪੈਰਾਂ ਦੀ ਉਜਰਤ ਸੇਵਾ ਫਲ ਇਵਜ਼ਾਨ
ਸੰਵਿਧਾਨਿਕ ਹਕੀਕੀ ਦਾਅਵਾ ਜਾਣਬੁੱਝ ਤੂੰ ਰਹੀ ਵਿਸਾਰ
ਸਵਾਲੀ ਤੇਰੇ ਦਰ ਤੇ ਬੈਠੇ ਹੋ ਰਹੇ ਖੱਜਲ ਖੁਆਰ

ਹੋਸ਼ ਕਰ ਮੇਰੀ ਸਰਕਾਰ
ਮੈਂ ਕਰ ਰਿਹਾ ਹਾਂ ਸੰਘਰਸ਼
ਆਪਣਾ ਅਸਤਿਤਵ ਬਚਾਉਣ ਖ਼ਾਤਰ
ਜਮਹੂਰੀ ਹੱਕ ਹਥਿਆਉਣ ਖ਼ਾਤਰ
ਦਿੱਲੀ ਦੇ ਦਰ ਮੂਹਰੇ ਸੜਕਾਂ ਤੇ
ਨੰਗੇ ਠੰਢੇ ਅਸਮਾਨ ਹੇਠ
ਸ਼ਾਂਤਮਈ ਰੋਸ ਮਾਰਚ ਧਰਨੇ ਬੈਠਾ
ਤੈਨੂੰ ਜਗਾਉਣ ਲਈ
ਭਰਮ ਭੁਲੇਖੇ ਮਿਟਾਉਣ ਲਈ

ਖਾਣ ਵਾਲੇ ਹੋਰ ਤੇ ਵਿਖਾਉਣ ਵਾਲੇ ਹੋਰ
ਤੇਰੇ ਵਿਭੰਨ ਟਪਲਾਊ ਦੰਦਾਂ ਦਾ ਪ੍ਰਦਰਸ਼ਨ
ਕਾਲੇ ਪ੍ਰਯੋਜਿਤ ਤੇਰੇ ਕੱਚੇ ਚਿੱਠੇ
ਨਿਰਵਸਤਰ ਹੋ ਗਏ ਸਾਰੇ ਨਕਾਬਪੋਸ਼ ਚਿਹਰੇ
ਜਿਸ ਥਾਲ਼ੀ ਵਿਚ ਖਾਣਾ ਉਸੇ ਵਿਚ ਛੇਕ ਕਰਨਾ

ਹੈ ਬੱਚੇ ਖਾਣੀ ਸੱਪਣੀ
ਤੇ ਅਕ੍ਰਿਤਘਣ ਡੈਣ ਦਾ ਕਿਰਦਾਰ
ਹੋਸ਼ ਕਰ ਮੇਰੀ ਸਰਕਾਰ

ਸੌ ਦਿਨ ਚੋਰ ਦਾ, ਇੱਕ ਦਿਨ ਸਾਧ ਦਾ
ਮੌਕਾਪ੍ਰਸਤ ਫਫੇਕੁਟਣੀ ਕੂਟਨੀਤੀਆਂ ਤੋਂ ਸੁਚੇਤ
ਜਾਗਰੂਕ ਹੋ ਗਈ ਜਨਤਾ
ਪੈ ਗਈ ਡਾਂਡੇ-ਮੀਂਡੇ ਇਨਕਲਾਬ ਦੇ ਵੱਢ
ਅੰਬਾਨੀ ਅਡਾਨੀ ਬਿਨ-ਸਿੰਗੇ ਸਾਨ੍ਹ
ਕਰ ਰਹੇ ਉਜਾੜਾ ਮੇਰੇ ਖੇਤਾਂ ਦਾ
ਚੀਰਹਰਣ ਡਰਾਮਾ ਤੇਰਾ ਹੋ ਜਾਣਾ ਵਿਫਲ
ਚੌਕਸ ਹੋ ਉੱਠਿਆ ਹੈ ਦੇਸ਼ ਦਾ ਕਿਸਾਨ
ਉਹਦੀ ਪਿੱਠ ਤੇ ਆਗਿਆ ਸਾਰਾ ਜਹਾਨ
ਹਾਕਮ ਨਹੀਂ ਸੋਭਦਾ ਏਨਾ ਮੱਕਾਰ
ਹੋਸ਼ ਕਰ ਮੇਰੀ ਸਰਕਾਰ

ਉੱਤਰ ਆ ਹੇਠਾਂ ਧਨਾਢਾਂ ਦੇ ਕੁੱਛੜੋਂ
ਮੰਨ ਲੈ ਜਲਦੀ ਹੱਕੀ ਮੰਗ ਹੱਕਦਾਰਾਂ ਦੀ

ਨਾ ਹੋਰ ਪਰਖ ਜਿਗਰੇ
ਮਜ਼ਦੂਰਾਂ ਦੇ ਕਿਸਾਨਾਂ ਦੇ

ਉਨ੍ਹਾਂ ਨਹੀਂ ਖਾਲੀ ਮੁੜਨਾ
ਨਿਆਇਕ ਭੁਗਤਾਨ ਤੋਂ ਬਿਨਾਂ
ਛੱਬੀ ਜਨਵਰੀ ਗਣਤੰਤਰ ਮਨਾਉਣ ਦੀ ਪੁਕਾਰ
ਖੇਤਾਂ ਪਿੰਡਾਂ ਸ਼ਹਿਰਾਂ ਤੋਂ ਰਾਜਧਾਨੀ ਤੱਕ
ਗਲੋਬਲ ਜਾਗਰੂਕਤਾ ਸ਼ਾਂਤੀ ਮਾਰਚ
ਲੱਖਾਂ ਟਰੈਕਟਰਾਂ ਦਾ ਰੋਹਿਲਾ ਤੂਫ਼ਾਨ
ਕਾਮਯਾਬ ਸੰਗਰਾਮ ਦਾ ਅਜ਼ਮਾਇਸ਼ੀ ਟਰੇਲਰ
ਅੰਦੋਲਨ ਬਦਨਾਮ ਕਰਨ ਹਿਤ
ਫੁੱਟ ਪਾਉਣ ਲਈ ਰਚੀ ਗੰਦੀ ਸਾਜ਼ਿਸ਼
ਹੋ ਗਈ ਆਖ਼ਰ ਬੇਨਕਾਬ
ਦੇਣਾ ਪੈਣਾ ਹੈ ਤੈਨੂੰ ਦੁਸ਼ਟਤਾ ਦਾ ਹਿਸਾਬ
ਪਿੱਛੇ ਮੁੜ ਆ, ਨਾ ਜਰਾ ਦੇਰ ਲਾ
ਅੜੀ ਨਾ ਪੁਗਾ, ਨਾ ਹੋਰ ਭਾਜੀ ਪਾ
ਰੱਦ ਕਰ ਕਿਸਾਨ ਬੇਦਖ਼ਲੀ ਮਨਸੂਬੇ
ਤਜ ਮਤਰੇਈ ਵਾਲੇ ਸੰਸਕਾਰ
ਸਮਝ ਸਭ ਨੂੰ ਬਰਾਬਰ ਇੱਕ ਪਿਰਵਾਰ
ਪੂਰੇ ਕਰ, ਕੀਤੇ ਜੋ ਕੌਲ ਇਕਰਾਰ
ਹੋਸ਼ ਕਰ ਮੇਰੀ ਸਰਕਾਰ

ਗੁਮਰਾਹਕੁਨ ਤਿਕੜਮਬਾਜ ਸਿਆਸਤ
ਹੈ ਥੋੜ੍ਹਚਿਰੀ ਆਰਜੂ ਵਾਲੀ
ਕੁਫ਼ਰ ਨਹੀਂ ਤੋਲ ਸਕਦੀ ਹੁਣ
ਝੂਠ ਨਹੀਂ ਬੋਲ ਸਕਦੀ ਤੂੰ
ਸਮਰੱਥ ਪਾਰਦਰਸ਼ੀ ਸ਼ੀਸ਼ਾ
ਵੇਖਣ ਪਛਾਣਨ ਦੇ ਸਮਰੱਥ ਹੈ
ਮਖੌਟਿਆਂ ਪਰਿੰਦਿਆਂ ਅੰਦਰ ਛਿਪੇ
ਅੰਤਰ-ਪ੍ਰੇਰਨਾ ਬਹੁਤੰਤਰੀ ਧਵਾਂਖੇ ਕਰੂਪ
ਬਹੁਰੰਗੀ ਅਸਲੀ ਨਕਲੀ ਚਿਹਰੇ
ਸੁੱਟ ਦੇਹ ਹੋਛੇ ਕੋਝੇ ਹਥਿਆਰ
ਛੱਡ ਹੈਂਕੜ ਹਉਮੈਂ ਹੰਕਾਰ
ਹੋਸ਼ ਕਰ ਮੇਰੀ ਸਰਕਾਰ

ਵੇਖ! ਸਿੰਘੂ ਟਿੱਕਰੀ ਗਾਜ਼ੀਪੁਰ ਖੜ੍ਹ ਕੇ
ਸੋਝੀ ਕਰ ਕੰਧ ਤੇ ਲਿਖਿਆ ਪੜ੍ਹ ਕੇ
ਮੋੜ ਲੈ ਨਾਜਾਇਜ਼ ਅਣਉੱਚਿਤ ਭੈੜੇ ਕਾਨੂੰਨ
ਸ਼ਰਮਸਾਰ ਹੋ ਰਹੇ ਜੋ ਤਰਕ ਦੀ ਕਸਵੱਟੀ ਤੇ
ਚਿੰਤਨ ਮੰਥਨ ਨੁਕਤਾਚੀਨੀ ਦੇ ਸ਼ਿਕਾਰ
ਨਕਦੋ ਨਕਦ ਸੌਦੇ ਦਾ ਖਰਾ ਹੈ ਵਣਜ
ਹੱਕ ਸੱਚ ਨਿਆਂ ਦਾ ਜ਼ਮਾਨਾ
ਹੇ ਕਲਯੁਗ ਦੇ ਅਵਤਾਰ
ਮੂੰਹ ਸਿਰ ਤੋਂ ਮਖੌਟਾ ਉਤਾਰ
ਛੱਡ ਦੇਹ ਅੜੀ
ਹੋਰ ਨਹੀਂ ਚੱਲਣਾ ਉਧਾਰ
ਹੋਸ਼ ਕਰ ਛੱਡ ਦੇਹ ਕੂੜਾ ਹੰਕਾਰ
ਹੋਸ਼ਿਆਰ ਖ਼ਬਰਦਾਰ! ਮੇਰੀ ਸਰਕਾਰ.
■

# ਦਿੱਲੀ ਮੋਰਚਾ

ਦਿੱਲੀਏ ਨੀ ਦਿੱਲੀਏ, ਬੱਚੇ ਖਾਣੀ ਬਿੱਲੀਏ
ਬੋਲ਼ੀਏ ਨੀ ਅੰਨ੍ਹੀਏ, ਦਿਮਾਗ਼ ਦੀਏ ਹਿੱਲੀਏ
ਬੱਜਰ ਭੁੱਲ ਹੋ ਗਈ ਤੈਥੋਂ, ਹੋਸ਼ ਕਰ ਝੱਲੀਏ
ਕਿਰਸਾਨਾਂ ਦਾ ਹਕੀਕੀ ਹੱਕ, ਛੇਤੀ ਨਿਪਟਾ
ਮੋੜ ਲੈ ਕਾਨੂੰਨ ਕਾਲੇ, ਨਾ ਡੰਗ ਟਪਾ
ਸਾਡੇ ਹੱਕ ਸਾਡੀ ਝੋਲੀ ਵਿਚ ਪਾ

ਖ਼ੂਨੀ ਇਤਿਹਾਸ ਤੇਰਾ, ਪੰਨੇ ਲਹੂ ਨਾਲ ਰੰਗੇ ਨੀ
ਖ਼ੂਨੀ ਹੋਲੀ ਖੇਡੀ ਸਦਾ, ਲਏ ਰਕੀਬਾਂ ਨਾਲ ਪੰਗੇ ਨੀ
ਬੇਦੋਸਿਆਂ ਦੇ ਸਿਰ ਲਾਹ ਕੇ, ਨੇਜ਼ਿਆਂ ਤੇ ਟੰਗੇ ਨੀ
ਕਿਸਾਨ ਠੂਠੇ ਡਾਂਗ ਮਾਰੀ, ਹੋਏ ਜਿੰਨ ਤੇਰੇ ਨੰਗੇ ਨੀ
ਤੇਰੇ ਦਿੱਤੇ ਸੱਲ ਰਿਸਦੇ, ਨਾ ਜ਼ਖ਼ਮਾਂ ਤੇ ਨਮਕ ਛਿੜਕਾ
ਲੰਘ ਜਾਣੇ ਟਰੈਕਟਰ ਹੁਣ, ਲੱਖ ਬੈਰੀਕੇਡ ਲਗਾ
ਸਾਡੇ ਹੱਕ ਸਾਡੀ ਝੋਲੀ ਵਿਚ ਪਾ

ਮੰਗਦੀ ਸੀ ਦਾਣੇ, ਠੂਠਾ ਵਿਦੇਸ਼ਾਂ ਮੂਹਰੇ ਧਰਿਆ
ਅੰਨ ਦਾਤੇ ਕਿਰਸਾਣਾ ਓਦੋਂ ਗੱਲਾ ਤੇਰਾ ਭਰਿਆ
ਭੁੱਖਮਰੀ ਭਜਾ ਦਿੱਤੀ ਨਾ ਅਹਿਸਾਨ ਕੋਈ ਕਰਿਆ
ਪੰਜਾਬ ਦਾ ਸਿਪਾਹੀ ਤੇਰੀ ਆਬਰੂ ਲਈ ਲੜਿਆ
ਅਕ੍ਰਿਤਘਣ ਨਿਕਲੀ, ਛੇਤੀ ਦਿੱਤਾ ਤੂੰ ਭੁਲਾ
ਸਾਡਾ ਸਬਰ ਨਾ ਹੋਰ ਅਜ਼ਮਾ
ਸਾਡੇ ਹੱਕ ਸਾਡੀ ਝੋਲੀ ਵਿਚ ਪਾ

ਮਤਰੇਈ ਮਾਂ ਵਾਲਾ ਤੇਰਾ, ਭੈੜਾ ਵਿਵਹਾਰ ਨੀ
ਤਰਾਜ਼ੂ ਕਾਣਾ, ਪੱਖਪਾਤੀ ਮਮਤਾ ਪਿਆਰ ਨੀ
ਧੰਨਵਾਨਾਂ ਨੂੰ ਨਜ਼ਰਾਨੇ! ਗ਼ਰੀਬਾਂ ਨੂੰ ਵੰਗਾਰ ਨੀ
ਰੱਜਿਆਂ ਨੂੰ ਗੱਫੇ, ਅੰਨ ਦਾਤੇ ਨੂੰ ਬੁਛਾੜ ਨੀ
ਹੱਕ ਸੱਚ ਤੇ ਨਿਆਂ ਨੂੰ ਤੂੰ, ਲਾਈ ਵੱਡੀ ਢਾਹ
ਹੋ ਗਈ ਅਖੀਰ, ਸਾਨੂੰ ਹੋਰ ਨਾ ਸਤਾ
ਸਾਡੇ ਹੱਕ ਸਾਡੀ ਝੋਲੀ ਵਿਚ ਪਾ

ਸ਼ੇਰ ਦੇ ਘੁਰਨੇ 'ਚ, ਜਾਣ ਬੁੱਝ ਰੋੜਾ ਸੁੱਟਿਆ
ਅੰਨ ਦਾਤਾ ਦੇਸ਼ ਦਾ ਕਿਸਾਨ ਜੜ੍ਹੋਂ ਪੁੱਟਿਆ
ਉਹਦੇ ਕੋਲੋਂ ਲੈ ਕੇ ਸੱਤਾ, ਗਲ ਉਹਦਾ ਘੁੱਟਿਆ
ਪਾਣੀ-ਤੋਪਾਂ ਬੰਦੂਕਾਂ, ਲਾਠੀਆਂ ਨਾਲ ਕੁੱਟਿਆ

ਹੱਕ ਮੰਗਦੇ ਹੱਕਦਾਰ, ਠੰਢੀ ਸੜਕਾਂ ਤੇ ਸੁੱਟਿਆ
ਛੱਡ ਦੇਹ ਕਮੀਨਗੀ, ਹੰਕਾਰ ਹਉਮੈਂ ਨਾ ਪੁਗਾ
ਸੁੱਤੀ ਜੋ ਜ਼ਮੀਰ ਤੇਰੀ, ਜਲਦੀ ਜਗਾ
ਸਾਡੇ ਹੱਕ ਸਾਡੀ ਝੋਲੀ ਵਿਚ ਪਾ
ਚਰਖੜੀ ਚੜ੍ਹਾਏ, ਦਿੱਤੇ ਦੇਗਾਂ 'ਚ ਉਬਾਲ ਨੀ

ਵੈਰ ਤੂੰ ਕਮਾਉਂਦੀ ਰਹੀ, ਮੁੱਢੋਂ ਉਨ੍ਹਾਂ ਨਾਲ ਨੀ
ਚੰਦੂ ਗੰਗੂ ਸ਼ਾਹ ਤੋਮਰ, ਸਲਾਹਕਾਰ ਚੰਡਾਲ ਨੀ
ਤੁਗ਼ਲਕੀ ਫੁਰਮਾਣੁ ਤੇਰੇ, ਤੂੰ ਡੈਣ ਵਿਕਰਾਲ ਨੀ
ਤਰਸ ਨਹੀਂ ਆਉਂਦਾ ਤੈਨੂੰ, ਸਿਰ ਤੇ ਸਿਆਲ ਨੀ
ਅਟਕ ਅਟਕਾਉਣ ਵਾਲੇ, ਨਹੀਂ ਮੰਨਦੇ ਪ੍ਰਵਾਹ
ਛੱਡ ਦੇਹ ਹੰਕਾਰ ਹਉਮੈ, ਭੈੜੀ ਅੜੀ ਨਾ ਪੁਗਾ
ਸਾਡੇ ਹੱਕ ਸਾਡੀ ਝੋਲੀ ਵਿਚ ਪਾ

ਧਾੜਵੀ ਜਰਵਾਣਿਆਂ ਤੋਂ ਤੈਨੂੰ ਛਡਾਇਆ ਸੀ
ਜਦੋਂ ਅਬਦਾਲੀਆਂ ਨੇ, ਥੱਲੇ ਸੁੱਟ ਢਾਹਿਆ ਸੀ
ਤੇਰੀ ਬਹੂ ਬੇਟੀਆਂ, ਨੂੰ ਫੜ ਅੱਗੇ ਲਾਇਆ ਸੀ
ਤੇਰੀ ਇੱਜ਼ਤ ਆਬਰੂ ਨੂੰ ਮਿੱਟੀ ਚ ਮਿਲਾਇਆ ਸੀ
ਦੌੜ ਗਏ ਤੁਰਕ, ਜਦ ਨਗਾਰੇ ਡੱਗਾ ਲਾਇਆ ਸੀ
ਇਨ੍ਹਾਂ ਬਿਨਾਂ ਤੇਰਾ ਹੁਣ ਵੀ, ਨਹੀਂ ਹੋਣਾ ਨਿਰਬਾਹ
ਧੰਨਵਾਨਾਂ ਦੇ ਚੁੰਗਲ ਵਿਚੋਂ ਪਿੱਛੇ ਮੁੜ ਆ
ਛੱਡ ਹਠਧਰਮੀ, ਨਾ ਹੋਛੇ ਹੱਥਕੰਡੇ ਅਪਨਾ
ਸਾਡੇ ਹੱਕ ਸਾਡੀ ਝੋਲੀ ਵਿਚ ਪਾ

ਉਜਾੜਾ ਕਿਸਾਨਾਂ ਦਾ! ਤੂੰ ਧਾਰ ਲਈਆਂ ਪੱਕੀਆਂ
ਅੰਬਾਨੀਆਂ ਅਡਾਨੀਆਂ ਨੂੰ, ਦੇਨੀ ਏਂ ਤਰੱਕੀਆਂ
ਮਾਵਾਂ ਭੈਣਾਂ ਜੇਲ੍ਹਾਂ 'ਚ, ਬੇਦੋਸੀਆਂ ਤੂੰ ਡੱਕੀਆਂ
ਸਵਾ ਮਣ ਪੀਸਣੇ, ਫੇਰਾਈਆਂ ਸੀ ਤੂੰ ਚੱਕੀਆਂ
ਸਦੀਆਂ ਤੋਂ ਸਬਰ ਸਾਡਾ, ਲਿਆ ਅਜ਼ਮਾ

ਫਰੋਲ ਲੈ ਪੰਨੇ, ਕੂੜਾ ਇਤਿਹਾਸ ਨਾ ਦੁਹਰਾ
ਸਾਡੇ ਹੱਕ ਸਾਡੀ ਝੋਲੀ ਵਿਚ ਪਾ

ਦਰਖ਼ਤ ਡਿੱਗਾ ਦਿੱਲੀ ਵਿਚ, ਆਇਆ ਸੀ ਭੁਚਾਲ ਨੀ
ਟਾਇਰ ਗਲ਼ ਪਾ ਕੇ ਕੀਤੇ, ਸਿੱਖ ਸੈਂਕੜੇ ਹਲਾਲ ਨੀ
ਕਹਿਰ ਵਰਤਾਇਆ, ਅਸਮਾਨੀਂ ਮੱਚਿਆ ਬਵਾਲ ਨੀ
ਮੁੱਕਣੀ ਨਹੀਂ ਇਹ ਨਸਲ, ਤੇਰੀ ਟੁੱਟ ਜਾਊ ਢਾਲ ਨੀ
ਗਲਨੀ ਨਹੀਂ ਹੁਣ ਤੇਰੀ, ਕੋੜਕੂਆਂ ਵਾਲੀ ਦਾਲ ਨੀ
ਵਾਪਸ ਮੋੜ ਲੈ ਕਾਨੂੰਨ ਕਾਲੇ, ਨਾ ਬਹਾਨੇ ਬਣਾ
ਨਹੀਂ ਤੇ ਤੈਨੂੰ ਭੱਜਣੇ ਨੂੰ, ਲੱਭਣਾ ਨਹੀਂ ਰਾਹ
ਸਾਡੇ ਹੱਕ ਸਾਡੀ ਝੋਲੀ ਵਿਚ ਪਾ

ਤੇਰੇ ਦਰ ਬੈਠੇ, ਇਨਸਾਫ਼ ਮੰਗ ਰਹੇ ਕਿਸਾਨ ਨੀ
ਜੈਕਾਰੇ ਨਗਾਰੇ ਢੋਲ, ਤੈਨੂੰ ਸੁੱਤੀ ਨੂੰ ਜਗਾਣ ਨੀ
ਹੱਕ ਮੰਗਦੇ ਹਕੀਕੀ ਉਹ, ਨਹੀਂ ਤੇਰੀ ਜਾਨ ਨੀ
ਲੱਖਾਂ ਟਰੈਕਟਰ ਚੜ੍ਹ ਆਏ, ਤੈਨੂੰ ਸਮਝਾਣ ਨੀ
ਡਮਰੂ ਵਜਾ, ਭਾਵੇਂ ਕੌਲੀ ਥਾਲ਼ੀਆਂ ਵਜਾ
ਰੱਦ ਕਰ ਲੈ ਕਾਨੂੰਨ ਤਿੰਨੇ, ਨਾ ਹੋਰ ਲਟਕਾ
ਲੰਬਾ ਹੈ ਸਬਰ ਪੰਨੂ ਦਾ, ਨਾ ਹੋਰ ਅਜ਼ਮਾ
ਸਾਡੇ ਹੱਕ ਸਾਡੀ ਝੋਲੀ ਵਿਚ ਪਾ
■

**-Charanjit Pannu**
**U.S.A.**
**pannucs@yahoo.com**



ਬਲਵਿੰਦਰ 'ਬਾਲਮ'
ਇੰਡੀਆ

# ਗ਼ਜ਼ਲ

ਬੁਝਦੇ ਦੀਪ ਜਗਾ ਸਕਦੇ ਨੇ ਦੋ ਹੰਝੂ
ਨੇਰੇ ਨੂੰ ਰੁਸ਼ਨਾ ਸਕਦੇ ਨੇ ਦੋ ਹੰਝੂ

ਸੂਰਜ ਚੰਨ ਸਿਤਾਰੇ ਬਣ ਕੇ ਚਮਕਣਗੇ
ਇਕ ਇਤਿਹਾਸ ਬਣਾ ਸਕਦੇ ਨੇ ਦੋ ਹੰਝੂ

ਗੰਦਾ ਫੋੜਾ ਸਾਫ਼ ਕਰਨ ਲਈ ਚੀਰਾ ਦਓ
ਤੇਜ਼ ਛੁਰੀ ਵਿਚ ਆ ਸਕਦੇ ਨੇ ਦੋ ਹੰਝੂ

ਲੰਬੀ ਚੋੜੀ ਇਕ ਚਿੰਗਾਰੀ ਬਣ ਜਾਂਦੇ
ਜੰਗਲ ਨੂੰ ਅੱਗ ਲਾ ਸਕਦੇ ਨੇ ਦੋ ਹੰਝੂ

ਸੁਸਤ ਜ਼ਮੀਰਾਂ ਤੇ ਸੁੱਤੀਆਂ ਤਦਬੀਰਾਂ ਨੂੰ
ਅੰਦੋਲਨ ਫੇਰ ਬਣਾ ਸਕਦੇ ਨੇ ਦੋ ਹੰਝੂ

ਸੱਚੀ ਪਾਕ ਮੁਹੱਬਤ ਦਿਲ ਵਿਚ ਜੇ ਹੋਵੇ
ਪਿਆਰ ਦੀ ਮੰਜ਼ਿਲ ਪਾ ਸਕਦੇ ਨੇ ਦੋ ਹੰਝੂ

ਲੱਖ ਕਰੋੜਾਂ ਲੋਕਾਂ ਦੀ ਆਵਾਜ਼ ਬਣਨ
ਸਾਰਾ ਤਖ਼ਤ ਹਿਲਾ ਸਕਦੇ ਨੇ ਦੋ ਹੰਝੂ

ਸੀਨੇ ਨਾਲ ਲਗਾ ਕੇ ਕੋਈ ਵੇਖੇ ਤਾਂ
'ਬਾਲਮ' ਵਾਪਸ ਜਾ ਸਕਦੇ ਨੇ ਦੋ ਹੰਝੂ
■

# ਗਜ਼ਲ

ਅੱਖਾਂ ਵਿਚੋਂ ਹੰਝੂ ਨਈਂ ਤਲਵਾਰਾਂ ਡਿੱਗੀਆਂ ਨੇ
ਤਾਂ ਫਿਰ ਕਿਧਰੇ ਜਾ ਕੇ ਇਹ ਸਰਕਾਰਾਂ ਡਿੱਗੀਆਂ ਨੇ

ਦੁਨੀਆਂ ਨੂੰ ਹੁਣ ਸਮਝ ਪਈ ਹੈ ਇਹ ਖੇਡ ਸਿਆਸਤ ਕੀ
ਜਿੱਤਾਂ ਡਿੱਗੀਆਂ ਨੇ ਕਿਧਰੇ ਫਿਰ ਹਾਰਾਂ ਡਿੱਗੀਆਂ ਨੇ

ਭੂਚਾਲ ਜਦੋਂ ਵੀ ਆਉਂਦਾ ਫਿਰ ਕਹਿਰ ਮਚਾਉਂਦਾ ਹੈ
ਉਚੀਆਂ-ਉਚੀਆਂ ਛੱਤਾਂ ਵਿਚ ਦੀਵਾਰਾਂ ਡਿੱਗੀਆਂ ਨੇ

ਉਹਨਾਂ ਖ਼ਾਕ ਤਰੱਕੀ ਕਰਨੀ ਆਪਣੇ ਬਲਬੂਤੇ 'ਤੇ
ਜਿਹੜੀ ਕੌਮ 'ਚ ਕੰਡਿਆਂ ਦੇ ਵਿਚ ਨਾਰਾਂ ਡਿੱਗੀਆਂ ਨੇ

ਵੱਡੇ-ਵੱਡੇ ਟਾਵਰ ਲੱਗੇ ਖ਼ੂਬ ਤਰੱਕੀ ਹੋਈ
ਤੜਪ-ਤੜਪ ਨੇ ਧਰਤੀ ਉਪਰ ਗੁਟਾਰਾਂ ਡਿੱਗੀਆਂ ਨੇ

ਉਤਮ ਖੇਤੀ ਵਿਚ ਚਾਰਾ ਰੱਜ-ਰੱਜ ਕੇ ਮਿਲਦਾ ਹੈ
ਜ਼ਹਿਰ ਉਗਲਦੀਆਂ ਥਣ ਦੇ ਵਿਚੋਂ ਧਾਰਾਂ ਡਿੱਗੀਆਂ ਨੇ

ਬੇਸ਼ਕ ਵਿਦਿਆ ਸਿਖਿਆਪਰਦ ਗਿਆਨ 'ਚ ਵਾਧਾ ਹੈ
ਐਪਰ ਮਾਨਵਤਾ ਵਿਚ ਸੋਚ ਵਿਚਾਰਾਂ ਡਿੱਗੀਆਂ ਨੇ

ਦੇਸ਼ ਸਿਰੇ ਦੀ ਵੇਖ ਤਰੱਕੀ ਕਿੱਥੇ ਪਹੁੰਚ ਗਈ ਹੈ
ਅਪੰਗ ਜ਼ਮਾਨੇ ਦੇ ਮੂੰਹ ਵਿਚੋਂ ਲਾਰਾਂ ਡਿੱਗੀਆਂ ਨੇ

ਸਰਹੱਦ ਦੀ ਰਖਵਾਲੀ ਦੇ ਵਿਚ ਸੱਚੀ ਭਗਤੀ ਸ਼ਕਤੀ
ਕਿੰਨੇ ਦੁਸ਼ਮਣ ਮਾਰ ਕੇ ਫਿਰ ਮੁਟਿਆਰਾਂ ਡਿੱਗੀਆਂ ਨੇ

ਇਕ ਕਰਾਂਤੀ ਦਾ ਤੂਫ਼ਾਨ ਦੁਬਾਰਾ ਉਠ ਖਲਾਉਣਾ
'ਬਾਲਮ' ਮਜ਼ਲੂਮ ਸਿਰਾਂ ਤੋਂ ਦਸਤਾਰਾਂ ਡਿੱਗੀਆਂ ਨੇ
■

**-Balwinder 'Balam'**
**Gurdaspur,**
**India**
**balambalwinder@gmail.com**



ਦੇਵਿੰਦਰ ਸਿੰਘ ਜੌਹਲ
ਇੰਡੀਆ

# ਗ਼ਜ਼ਲ

ਵਪਾਰਾਂ ਨਾਲ ਕਿਰਸਾਣੀ ਮਿਲਾ ਕੇ ਦੱਬਣੀ ਆਖ਼ਿਰ
ਵਿਓਂਤੀ ਜ਼ਿਦ ਬਣਾ ਸੰਵਾਰ ਸੱਤਾ ਥੋਪਣੀ ਆਖ਼ਿਰ

ਬਣੀ ਲਸ਼ਕਰ ਗੁਸੈਲੀ ਅੱਗ ਆ ਰਾਹੀਂ ਤਣੀ ਆਖ਼ਿਰ
ਅਗੰਮੀ ਲਹਿਰ ਹੱਕਾਂ ਵਾਸਤੇ ਲੋਕਾਂ ਚੁਣੀ ਆਖ਼ਿਰ

ਅਸਾਡੇ ਹੱਕ ਮਾਰਨ ਦੀ ਘੜੀ ਸਾਜ਼ਿਸ਼ ਚੜ੍ਹੇ ਕਾਗ਼ਜ਼
ਜਗੇ ਕਿਣਕੇ ਤਾਂ ਉਸਦੀ ਉਸਦੇ ਉੱਤੇ ਬਣੀ ਆਖ਼ਿਰ

ਕਿਤੇ ਦੱਬੀ ਪਈ ਸੀ ਚੇਤਨਾ ਸੁੱਕੇ ਸਿਆੜਾਂ ਵਿੱਚ
ਬੜੀ ਜ਼ਰਖੇਜ ਮਿੱਟੀ ਨੇ ਲਈ ਇਕ ਝੁਣਝੁਣੀ ਆਖ਼ਿਰ

ਸੁਭਾਵਿਕ ਸਹਿਜਤਾ ਸਾਡੀ ਉਨ੍ਹਾਂ ਨੂੰ ਬੁਜ਼ਦਿਲੀ ਲਗਦੀ
ਚਣੌਤੀ ਪੇਸ਼ ਹੁੰਦੀ ਜਾਗਦੀ ਹਉਂ ਦੀ ਕਣੀ ਆਖ਼ਿਰ

ਕਿਸਾਨੀ ਹੈ ਦਿਹਾੜੀਦਾਰ ਮਿੱਟੀ ਨਾਲ ਮਿੱਟੀ ਹੈ
ਜ਼ਮੀਨਾਂ ਦੇ ਧਰਾਤਲ ਵਿਚ ਸਭਦੀ ਜੀਵਣੀ ਆਖ਼ਿਰ

ਇਜਾਰੇਦਾਰ ਬਿੱਲੀ ਘੜ ਘੜਾ ਕੇ ਹੋ ਰਹੀ ਕਾਬਜ
ਕਿਸਾਨੀ ਸੂਝ ਨੇ ਪਕੜੀ ਬਿਠਾਈ ਮੀਸਣੀ ਆਖ਼ਿਰ

ਲਿਖੇ ਕਾਗ਼ਜ਼ ਬਿਗਾਨੇ ਹੱਕ ਵਿੱਚ ਪੱਕੇ ਕਰਾ ਦਿੱਤੇ
ਇਸੇ ਅੰਦਾਜ਼ ਵਿਚ ਜਮਹੂਰੀਅਤ ਕੰਧੀਂ ਚਿਣੀ ਆਖ਼ਿਰ

ਕਰਾ ਕੇ ਚੰਦ ਕਾਗ਼ਜ਼ ਸੀ ਉਨ੍ਹਾਂ ਜਮਹੂਰ ਦਫ਼ਨਾਏ
ਤੁਰੇ ਰਸਤੇ ਜਦੋਂ ਸਿੱਧੇ ਤਦੋਂ ਉਸਦੀ ਠਣੀ ਆਖ਼ਿਰ

ਦਬੇ ਮਾਸੂਮ ਉਠ ਪੈਂਦੇ ਯਕੀਨਨ ਹਾਰਦੇ ਹਾਕਿਮ
ਕੋਈ ਜੇ ਇੱਕ ਤੁਰਦਾ ਲੋਕਤਾ ਬਣਦੀ ਅਣੀ ਆਖ਼ਿਰ

ਸਿਰਾਂ ਤੇ ਆ ਚੜ੍ਹੀ ਲੱਗੀ ਜਿਵੇਂ ਸੱਤਾ ਤਬਾਹੀ ਹੈ
ਵਿਰੋਧਾਂ ਨਾਲ ਭਿੜਦਿਆਂ ਤਾਕਤ ਮਿਣੀ ਆਖ਼ਿਰ

ਤੁਸੀਂ ਪਾਣੀ ਵਰ੍ਹਾ ਦਿੱਤੇ ਉਖਾੜੇ ਵੀ ਕਦਮ ਸਾਡੇ
ਜਦੋਂ ਉੱਠੇ ਖੜ੍ਹੇ ਹੋਏ ਤਾਂ ਤਾਕਤ ਮਿਣੀ ਆਖ਼ਿਰ

ਜਦੋਂ ਤਰਕਾਂ ਵਿਤਰਕਾਂ ਨਾਲ ਕੁਝ ਹਾਸਿਲ ਨਹੀਂ ਹੋਇਆ
ਜੁਝਾਰੂ ਵੱਖਵਾਦੀ ਲਹਿਰ ਕਹਿ ਕੇ ਨਿੰਦਣੀ ਆਖ਼ਿਰ

ਇਜ਼ਾਰੇਦਾਰ ਸੱਪਾਂ ਪਲਟ ਕੇ ਫਿਰ ਵਾਰ ਵੀ ਕਰਨਾ
ਜਗਾਈ ਚੇਤਨਾ ਸਾਂਭੀ ਸੰਭਾਲੀ ਪੁੱਗਣੀ ਆਖ਼ਿਰ

ਕੋਈ ਸ਼ੁਹਰਤ ਬਣਾ ਕੇ ਕੁੱਦਿਆ ਨੇਤਾਗਿਰੀ ਅੰਦਰ
ਇਹੋ ਅਨਸਰ ਕਿ ਜਿਸਨੇ ਲਹਿਰ ਪਿੱਛੇ ਧੱਕਣੀ ਆਖ਼ਿਰ
■

-**Devinder Singh Johal**
**Jalandhar, India**
**dsjohal@live.com**